# ਭੀੜਾ ਹੈ ਉਹ ਫਾਟਕ

ਤੁਹਾਡਾ ਧੰਨਵਾਦ, ਭਾਈ ਨੇਵਿਲ। ਤੁਹਾਡਾ ਧੰਨਵਾਦ। ਪਰਮੇਸ਼ੁਰ ਦੇ ਭਵਨ ਵਿੱਚ ਵਾਪਸ ਆਉਣਾ ਬਹੁਤ ਚੰਗਾ ਲਗ ਰਿਹਾ ਹੈ। ਭਾਵੇਂ ਮੈਂ ਜਿਥੇ ਵੀ ਜਾਵਾਂ, ਮੈਨੂੰ ਡੇਰੇ ਵਿੱਚ ਵਾਪਸ ਆ ਕੇ ਬਹੁਤ ਅਨੰਦ ਮਿਲਦਾ ਹੈ। ਇਸ ਛੋਟੀ ਜਿਹੀ ਪੁਰਾਣੀ ਜਗ੍ਹਾ ਵਿਚ ਕੋਈ ਤਾਂ ਗਲ ਹੈ ਜਿਸ ਕਰਕੇ ਮੈਂਨੂੰ ਵਾਪਸ ਆਉਣਾ ਚੰਗਾ ਲਗਦਾ ਹੈ। ਇਹ ਬੱਸ, ਔਹ, ਮੈਂ...ਇਹ ਮੇਰੀ ਪਹਿਲੀ ਅਤੇ ਇੱਕਲੀ ਕਲੀਸਿਯਾ ਹੈ ਜਿਸ ਦਾ ਮੈਂ ਪਾਸਟਰ ਰਿਹਾ ਹਾਂ। ਅਤੇ ਇਥੇ ਵਾਪਸ ਆ ਕੇ ਵਧੀਆ ਮਹਿਸੂਸ ਹੁੰਦਾ ਹੈ। ਅਤੇ ਮੈਨੂੰ ਯਕੀਨ ਹੈ ਕਿ ਉਸ ਮਹਾਨ ਸਵੇਰ ਨੂੰ, ਜੱਦ ਸੂਰਜ ਚਮਕਣ ਤੋਂ ਇਨਕਾਰ ਕਰ ਦਵੇਗਾ, ਅਤੇ ਤਾਰਿਆਂ ਦੀ ਲੋ ਧੁੰਦਲੀ ਹੋ ਜਾਵੇਗੀ, ਮੈਨੂੰ ਯਕੀਨ ਹੈ ਕਿ ਉਸ ਦਿਨ ਇਸ ਡੇਰੇ ਵਿਚੋਂ ਕੁਝ ਲੋਕ ਉਥੇ ਮੌਜੂਦ ਹੋਣਗੇ, ਜਿਹੜੇ ਲੇਲੇ ਦੇ ਲਹੂ ਨਾਲ ਧੋਤੇ ਹੋਏ ਹਨ। ਮੈਂ ਉਸ ਸਮੇਂ ਦੇ ਲਈ ਉਡੀਕ ਰਿਹਾ ਹਾਂ।

2 ਹੁਣੇ ਜਦੋਂ ਮੈਂ ਕਮਰੇ ਵਿਚੋਂ ਦੀ ਆ ਰਿਹਾ ਸੀ, ਉਥੇ ਭੈਣ ਆਰਗਨਬ੍ਰਾਈਟ ਨਾਲ ਮਿਲਿਆ। ਅਤੇ ਉਹ ਮੈਨੂੰ ਦੱਸ ਰਹੀ ਸੀ ਕਿ ਇਥੇ ਕੁਝ ਲੋਕ ਸਨ ਜਿਹੜੇ ਜਿਹੜੇ ਕਿੰਗਸਟਨ ਦੀ ਸਭਾ ਵਿੱਚ ਸਨ, ਜਿਹੜੇ ਉਥੇ ਆਏ ਸਨ, ਅਤੇ ਮੈਂ...ਮੈਂ...ਉਹਨਾਂ ਨੂੰ ਇਥੇ ਇੱਕ ਗਵਾਹੀ ਦੀ ਤੌਰ ਤੇ ਵੇਖ ਕੇ ਬਹੁਤ ਖੁਸ਼ ਹਾਂ। ਉਹ ਜਿਥੇ ਕਿਤੇ ਵੀ ਹਨ, ਜੇ ਉਹ ਆਪਣੇ ਹੱਥ ਖੜੇ ਕਰਨ, ਜਿਹੜੇ ਜਮਾਏਕਾ ਵਿੱਚ ਕਿੰਗਸਟਨ ਦੀ ਸਭਾ ਵਿੱਚ ਸਨ।ਬੱਸ, ਹਾਂ, ਉਹ ਪਿੱਛੇ ਹਨ। ਸਭ ਠੀਕ ਹੈ, ਇਹ ਚੰਗਾ ਹੈ।

3 ਮੈਂ ਭਾਈ ਔਰਲ ਦੇ ਪੋਸਟ ਕਾਰਡ ਨੂੰ ਵੇਖ ਰਿਹਾ ਹਾਂ। ਮੇਰਾ ਅੰਦਾਜ਼ਾ ਹੈ ਕਿ ਤੁਸੀਂ ਪਹਿਲਾਂ ਹੀ ਉਸਦੀਆਂ ਸਭਾਵਾਂ ਦੀ ਘੋਸ਼ਣਾ ਕਰ ਦਿਤੀ ਹੈ।ਮੈਨੂੰ ਅਜੇ ਕਲ ਤਕ ਤਰੀਕਾਂ ਬਾਰੇ ਪਤਾ ਨਹੀਂ ਸੀ। ਸ਼ਾਇਦ ਇਹ ਛੇ ਤਰੀਕ ਤੋਂ ਸ਼ੁਰੂ ਹੋ ਰਹੀਆਂ ਹਨ, ਕੀ ਇੰਝ ਹੀ ਹੈ? ਛੇ ਤੋ ਪੰਦਰਾਂ ਤੱਕ, ਭਾਈ ਰੌਬਰਟਸ ਲੂਯਿਸਵਿਲ ਵਿੱਚ ਹਨ। ਹੁਣ, ਜਾ ਕੇ ਉਸ ਨੂੰ ਸੁਣੋ।ਭਾਈ ਰੌਬਰਟਸ ਮੇਰਾ ਬਹੁਤ ਪਿਆਰਾ ਮਿੱਤਰ ਹੈ, ਅਤੇ ਮਸੀਹ ਦਾ ਸੱਚਾ ਸੇਵਕ ਹੈ। ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਰਾਤ ਬਰ ਰਾਤ ਉਸ ਦੇ ਸੰਦੇਸ਼ਾਂ ਦਾ ਅਨੰਦ ਮਾਣੋਗੇ। ਅਤੇ ਇੱਕ...ਉਸਦੀਆਂ...ਅਤੇ ਜਦ ਉਹ ਬਿਮਾਰਾਂ ਲਈ ਪ੍ਰਾਰਥਨਾ ਕਰੇਗਾ, ਮੈਨੂੰ ਯਕੀਨ ਹੈ ਕਿ ਤੁਸੀਂ ਪਰਮੇਸ਼ੁਰ ਨੂੰ ਕੰਮ ਕਰਦੇ ਹੋਏ ਵੇਖੋਗੇ, ਕਿਉਂਕਿ ਭਾਈ ਰੌਬਰਟਸ ਨਿਹਚਾ ਦਾ ਮਹਾਨ ਯੋਧਾ ਹੈ ਅਤੇ ਇੱਕ ਮਨੁੱਖ ਜਿਸ ਨੂੰ

ਪਰਮੇਸ਼ੁਰ ਬਹੁਤ ਇਸਤੇਮਾਲ ਕਰ ਰਿਹਾ ਹੈ । ਅਤੇ ਉਸ ਦੀ ਸੇਵਕਾਈ…ਤੋਂ ਉਪਰ ਗਈ ਹੈ ।

4 ਮੈਨੂੰ ਯਾਦ ਹੈ ਜੱਦ ਮੈਂ ਪਹਿਲੀ ਵਾਰ ਭਾਈ ਰੌਬਰਟਸ ਨੂੰ ਮਿਲਿਆ ਸੀ, ਉਹ ਸੇਂਟ ਲੂਯਿਸ, ਮਿਸੂਰੀ ਵਿੱਚ ਇੱਕ ਛੋਟੇ ਜਿਹੇ ਫਟੇ ਹੋਏ ਤੰਬੂ ਵਿੱਚ ਸੀ ਅਤੇ ਮੈਂ…ਨਹੀਂ ਉਹ ਕੰਸਾਸ ਸਿਟੀ, ਮਿਸੂਰੀ ਵਿੱਚ ਸੀ । ਅਤੇ ਮੈਂ ਕੰਸਾਸ ਸਿਟੀ, ਕੰਸਾਸ ਵਿੱਚ ਇੱਕ ਆਡੀਟੋਰੀਅਮ ਵਿੱਚ ਸੀ । ਉਹ ਪਹਿਲੀ ਸੀਟ ਉੱਤੇ ਬੈਠੇ ਹੋਏ ਸਨ । ਸਭਾ ਦੀ ਸਮਾਪਤੀ ਤੋਂ ਬਾਅਦ ਅਸੀਂ ਪਿਛੇ ਗਏ ਅਤੇ ਗਲ ਬਾਤ ਕਰ ਰਹੇ ਸੀ । ਉਹਨਾਂ ਨੇ ਮੇਰੀ ਉਸ ਨਾਲ ਪਛਾਣ ਕਰਵਾਈ । ਉਮਰ ਵਿੱਚ ਉਹ ਮੇਰੇ ਨਾਲੋਂ ਛੋਟੇ ਹਨ; ਔਰਲ ਚਾਲੀਆਂ ਦੇ ਸ਼ੁਰੁਆਤੀ ਦੌਰ ਵਿੱਚ ਹੈ । ਇਸ ਲਈ ਉਸ ਨੇ ਕਿਹਾ, "ਕੀ ਤੁਹਾਨੂੰ ਲਗਦਾ ਹੈ ਕਿ ਪਰਮੇਸ਼ੁਰ ਮੇਰੀ ਬਿਮਾਰਾਂ ਲਈ ਕੀਤੀ ਹੋਈ ਪ੍ਰਾਰਥਨਾ ਨੂੰ ਸੁਣੇਗਾ?"

ਮੈਂ ਕਿਹਾ, "ਭਾਈ, ਉਹ ਉਸ ਹਰੇਕ ਦੀ ਪ੍ਰਾਰਥਨਾ ਨੂੰ ਸੁਣੇਗਾ ਜਿਹੜਾ ਪ੍ਰਾਰਥਨਾ ਕਰੇਗਾ ।" ਖੈਰ, ਉਸ ਨੇ ਸ਼ੁਰੂਆਤ ਕਰ ਦਿਤੀ ਅਤੇ ਉਸ ਨੇ ਕਿਹਾ, "ਮੈਂ ਜਾ ਰਿਹਾ ਹਾਂ!"

5 ਅਤੇ ਉਹ ਇੱਕ ਬਹੁਤ ਹੁਸ਼ਿਆਰ ਆਦਮੀ ਹੈ, ਅਤੇ ਕਾਲਜ ਵਿੱਚ ਮਨੋਵਿਗਿਆਨ ਦੀ ਚਾਰ ਸਾਲ ਦੀ ਸਿੱਖਿਆ ਪ੍ਰਾਪਤ ਅਤੇ ਮੈਨੂੰ ਯਕੀਨ ਹੈ ਕਿ ਉਹ ਇੱਕ—ਇੱਕ ਬੁੱਧੀਮਾਨ ਮਨੁੱਖ ਹੈ । ਅਤੇ ਉਹ ਇੱਕ ਅਜਿਹੇ ਮੁਕਾਮ ਤੇ ਪਹੁੰਚ ਗਿਆ ਹੈ ਜਿਥੇ ਉਸ ਕੋਲ ਉਸ ਦੇ ਆਲੇ ਦੁਆਲੇ ਸਲਾਹਕਾਰ ਹਨ ਅਤੇ ਅਜਿਹੀਆਂ ਚੀਜਾਂ, ਜੱਦ ਉਹ ਬੋਲਦਾ ਹੈਂ ਤਾਂ ਸੋਚ ਕੇ ਬੋਲਦਾ ਹੈ । ਅਤੇ ਤੁਸੀਂ ਸੱਚਮੁਚ ਉਸ ਦਾ ਅਨੰਦ ਮਾਣੋਗੇ, ਮੈਨੂੰ ਪੂਰਾ ਯਕੀਨ ਹੈ ।

6 ਅਤੇ ਹੁਣ ਮੈਂ ਉਸ ਉੱਤੇ ਬਸ ਛੋਟੀ ਜਿਹੀ ਰਿਪੋਰਟ ਦੇਣਾ ਚਾਹੁੰਦਾ ਹਾਂ ਜੋ ਸਾਡੇ ਪ੍ਰਭੂ ਨੇ ਸਾਡੀਆਂ ਜਮਾਇਕਾ ਅਤੇ ਪੁਰਟੋਰੀਕੋ ਦੀਆਂ ਛੋਟੀਆਂ ਜਿਹੀਆਂ ਸਭਾਵਾਂ ਵਿੱਚ ਕੀਤਾ । ਅਤੇ ਇਹ ਇੱਕ ਅਚਰਜ ਗਲ ਸੀ ਕਿ ਮੈਂ ਉਥੇ ਗਿਆ ਕਿਓਂਕਿ ਬਹੁਤ ਸਾਰੇ ਸਦੇ ਆਉਂਦੇ ਹਨ । ਕਿਓਂਕਿ ਲਿਓ ਜਾਣਦਾ ਹੈ ਕਿ ਫੋਨ…ਇੱਕ ਹਫਤੇ ਵਿੱਚ ਲਗਭਗ ਸੌ ਥਾਵਾਂ ਤੋ ਸਭਾਵਾਂ ਲਈ ਸੱਦੇ ਆਉਂਦੇ ਹਨ । ਪਰ ਮੈਂ ਕਿਤੇ ਵੀ ਜਾਣ ਲਈ ਅਗਵਾਈ ਮਹਿਸੂਸ ਕਰਨਾ ਪਸੰਦ ਕਰਦਾ ਹਾਂ । ਜੇ ਮੈਂ ਇਸ ਕਰਕੇ ਜਾਵਾਂ ਕਿ ਕੋਈ ਮਨੁੱਖ ਮੈਨੂੰ ਬੁਲਾ ਰਿਹਾ ਹੈ ਤਾਂ ਮੈਂ ਉਸ ਕਲੀਸਿਯਾ ਜਾਂ ਉਸ ਸੰਸਥਾ ਦੇ ਨਾਮ ਵਿੱਚ ਜਾਂਦਾ ਹਾਂ । ਜੇ ਮੈਂ ਇਸ ਕਰਕੇ ਜਾਂਦਾ ਹਾਂ ਕਿਓਂਕਿ ਭਾਈ ਨੇਵਿਲ ਨੇ ਕਿਹਾ ਹੈ ਕਿ ਮੈਨੂੰ ਜਾਣਾ ਚਾਹੀਦਾ ਹੈ ਤਾਂ ਮੈਂ ਭਾਈ ਨੇਵਿਲ ਦੇ ਨਾਮ ਵਿੱਚ ਜਾਂਦਾ ਹਾਂ । ਪਰ ਮੈਂ ਤੱਦ ਜਾਣਾ ਚਾਹੁੰਦਾ ਹਾਂ

ਜੱਦ ਯਿਸੂ ਭੇਜਦਾ ਹੈ, ਤਾਂ ਜੋ ਤੁਸੀਂ ਪ੍ਰਭੂ ਯਿਸੂ ਦੇ ਨਾਮ ਵਿੱਚ ਜਾ ਕੇ ਲੋਕਾਂ ਨੂੰ ਮਿਲੋ ।

7 ਅਤੇ ਮੈਂ ਪਲੰਘ ਤੇ ਲੇਟਿਆ ਹੋਇਆ ਸੀ ਅਤੇ ਥੋੜਾ ਜਿਹਾ ਥੱਕਿਆ ਹੋਇਆ ਸੀ । ਕਦੇ ਨਾ ਕਦੇ ਤਾਂ ਇਸ ਵਾਦੀ ਵਿਚੋਂ ਮੈਨੂੰ ਜਾਣਾ ਪਵੇਗਾ ਕਿਓਂਕਿ ਇਹ ਮੇਰੇ ਗਲੇ ਨੂੰ ਐਨਾ ਖਰਾਬ ਕਰ ਰਹੀ ਹੈ ਕਿ ਮੈਂ ਇਸ ਨੂੰ ਸਹਿ ਨਹੀ ਸਕਦਾ । ਮੈਂ ਜਾ ਸਕਦਾ ਹਾਂ ਅਤੇ ਵਾਪਸ ਆ ਸਕਦਾ ਹਾਂ...ਅਸੀਂ ਕਿਸੇ ਹੋਰ ਦਿਨ ਵਾਪਸ ਆਵਾਂਗੇ, ਲਿਓ ਅਤੇ ਮੈਂ, ਚਾਲੀ ਮੀਲ ਅੰਦਰ, ਫਲੋਰੀਡਾ ਦੇ ਦਲਦਲੀ ਇਲਾਕੇ ਵਿੱਚ ਰਹਿਣ ਤੋਂ ਬਾਅਦ, ਗਲਾ ਪੂਰਾ ਸਾਫ਼ ਹੋ ਗਿਆ ਅਤੇ ਲੂਯਿਸਵਿਲ ਦੇ ਚਾਲੀ ਮੀਲ ਅੰਦਰ ਜਾ ਕੇ ਇਹ ਫਿਰ ਬੰਦ ਹੋ ਗਿਆ । ਭਾਈ ਬੈਂਕਸ ਵੂਡ ਨੂੰ ਇਸ ਸਵੇਰ ਇਥੇ ਕਿਤੇ ਹੋਣਾ ਚਾਹੀਦਾ ਹੈ । ਅਤੇ ਕਿਸੇ ਹੋਰ ਦਿਨ ਕਿੰਗਸਟਨ ਅਤੇ ਪੁਰਟੋ ਰਿਕੋ ਤੋਂ ਆਉਂਦੇ ਹੋਏ, ਜਿਥੇ ਮੇਰਾ ਗਲਾ ਬਿਲਕੁਲ ਠੀਕ ਸੀ; ਅਤੇ ਜੱਦ ਮੈਂ ਹਵਾਈ ਜਹਾਜ ਤੋਂ ਉਤਰਿਆ ਤਾਂ ਉਸਸ ਵਕਤ ਵੀ ਠੀਕ ਸੀ; ਅਤੇ ਇਸ ਤੋਂ ਪਹਿਲਾਂ ਕਿ ਅਸੀਂ ਜੈਫ਼ਰਸਨਵਿਲ ਪਹੁੰਚਦੇ, ਇਹ ਫਿਰ ਬੰਦ ਹੋ ਗਿਆ । ਵੇਖਿਆ, ਇਹ ਹੈ ਵਾਦੀ । ਇਸ ਦੀ ਹਵਾ ਵਿੱਚ ਬੈਕਟੀਰਿਆ ਹਨ ਜਾਂ ਇਹ ਪਰਮੇਸ਼ੁਰ ਵਲੋਂ ਹੈ, ਉਹ ਮੈਨੂੰ ਐਥੋਂ ਦੂਰ ਕਰਣ ਦੀ ਕੋਸ਼ਿਸ ਕਰ ਰਿਹਾ ਹੈ । ਇਸ ਲਈ ਮੈਨੂੰ—ਮੈਂਨੂੰ ਇਸ ਦੀ ਸਮਝ ਨਹੀ ਆ ਰਹੀ । ਮੈਂ ਇਸ ਬਾਰੇ ਬਹੁਤ ਪ੍ਰਾਰਥਨਾ ਕੀਤੀ ਹੈ ।

8 ਪਰ, ਫਿਰ ਵੀ, ਮੈਂ ਅਜੇ ਜਾਗਿਆ ਹੀ ਸੀ, ਸਵੇਰ ਦੇ ਲਗਭਗ ਤਿੰਨ ਵਜੇ ਸਨ । ਮੇਰੀ ਪਤਨੀ ਅਤੇ ਛੋਟਾ ਲੜਕਾ ਸੁੱਤੇ ਹੋਏ ਸਨ । ਅਤੇ ਮੈਂ ਪਲੰਘ ਦੇ ਇੱਕ ਪਾਸੇ ਬੈਠ ਗਿਆ ਅਤੇ ਵੇਖਿਆ ਕਿ ਬਹੁਤ ਸਾਰੇ ਲੋਕ ਇੱਕ ਬਹੁਤ ਵੱਡੀ ਜਗ੍ਹਾ ਵਿੱਚ ਇੱਕਠੇ ਹੋਏ ਸਨ ਅਤੇ ਮੈਂ ਕਿਹਾ ਬਿੱਲੀ ਪੌਲ, "ਤੂੰ ਉਥੇ ਜਾ ਅਤੇ ਉਨ੍ਹਾਂ ਲੋਕਾਂ ਨੂੰ ਪ੍ਰਾਰਥਨਾ ਕਾਰਡ ਦੇ ।"

9 ਅਤੇ ਉਸ ਨੇ ਕਿਹਾ, "ਠੀਕ ਹੈ, ਪਿਤਾ ਜੀ ।" ਕੁਝ ਹੀ ਮਿਨਟਾਂ ਵਿੱਚ ਉਹ ਵਾਪਸ ਆ ਗਿਆ ਅਤੇ ਕਿਹਾ, "ਤੁਸੀਂ ਉਨ੍ਹਾਂ ਲੋਕਾਂ ਨੂੰ ਪ੍ਰਾਰਥਨਾ ਕਾਰਡ ਨਹੀਂ ਦੇ ਸਕਦੇ ।" ਉਸਨੇ ਕਿਹਾ, "ਕੀ ਤੁਸੀਂ ਇਸ ਆਦਮੀ ਨੂੰ ਵੇਖ ਰਹੇ ਜੋ ਜਿਹੜਾ ਇਥੇ ਖੜਾ ਹੈ?"

ਮੈਂ ਕਿਹਾ, "ਹਾਂ ।"

10 ਉਸ ਨੇ ਕਿਹਾ, "ਉਹ ਇਥੇ ਸੀ, ਅਤੇ ਮੈਂ ਕਿਹਾ, 'ਜਿਹੜੇ ਪ੍ਰਾਥਨਾ ਕਾਰਡ ਲੈਣਾ ਚਾਹੁੰਦੇ ਹਨ, ਉਹ ਆਪਣੇ ਹੱਥ ਖੜੇ ਕਰੋ'" ।ਅਤੇ ਕਿਹਾ, "ਮੈਂ ਉਸ ਨੂੰ ਇੱਕ ਪ੍ਰਾਰਥਨਾ ਕਾਰਡ ਦੇਣ ਲਈ ਗਿਆ ਤਾਂ ਉਹ ਕਿਸੇ ਹੋਰ ਜਗ੍ਹਾ ਤੇ ਚਲਾ ਗਿਆ । ਅਤੇ ਫਿਰ ਮੈਂ ਉਥੇ ਗਿਆ ਪਰ ਉਹ ਕਿਸੇ ਹੋਰ ਥਾਂ ਚਲਾ ਗਿਆ ।

ਹੁਣ ਉਹ ਬਹੁਤ ਪਿੱਛੇ ਖੜਾ ਹੈ" । ਕਿਹਾ, "ਮੈਂ ਇੱਕ ਵੀ ਪ੍ਰਾਰਥਨਾ ਕਾਰਡ ਨਹੀਂ ਦੇ ਸਕਿਆ" ।

11 ਮੈਂ ਕਿਹਾ, "ਅੱਛਾ, ਬਿੱਲੀ, ਤੈਨੂੰ ਪ੍ਰਾਰਥਨਾ ਕਾਰਡ ਨਹੀਂ ਦੇਣੇ ਪੈਣਗੇ ਕਿਉਂਕਿ ਇਥੇ ਬਹੁਤ ਸਾਰੀ ਜਗ੍ਹਾ ਹੈ ਜਿਸ ਵਿਚ ਹਰ ਕੋਈ..." ਪ੍ਰਾਰਥਨਾ ਕਾਰਡ ਘਮਸਾਣ ਤੋਂ ਬਚਣ ਲਈ ਹਨ...ਤੁਸੀਂ ਸਮਝੇ, ਅਤੇ ਉਨ੍ਹਾਂ ਨੂੰ ਤਰਤੀਬ ਵਿੱਚ ਰਖਣ ਲਈ ਹਨ । ਮੈਂ ਕਿਹਾ, "ਔਹ, ਮੈਂ ਹਰੇਕ ਨੂੰ ਉਸ ਜਗ੍ਹਾ ਤੇ ਲੈ ਸਕਦਾ ਹਾਂ, ਜਿਨੀ ਜਗ੍ਹਾ ਮੇਰੇ ਕੋਲ ਹੈ ਉਸ ਤੋਂ ਵੱਧ ਨਹੀਂ, ਉਹਨਾਂ ਨੂੰ ਕਤਾਰ ਵਿੱਚ ਲਿਆ ਕੇ ਉਨ੍ਹਾਂ ਤੇ ਇੱਕ ਇੱਕ ਕਰਕੇ ਪ੍ਰਾਰਥਨਾ ਕਰਾਂਗਾ" ।

12 ਅਤੇ ਉਸ ਨੇ ਕਿਹਾ, "ਠੀਕ ਹੈ" । ਅਤੇ ਉਹ ਸੱਜੇ ਪਾਸੇ ਮੁੜਿਆ ਅਤੇ ਮੇਰੇ ਕੋਲੋਂ ਚਲਿਆ ਗਿਆ। ਅਤੇ ਮੈਂ *ਇਸ* ਪਾਸੇ ਮੁੜਿਆ ਜਦਕਿ ਉਹ *ਓਸ* ਪਾਸੇ ਚਲਾ ਗਿਆ ਅਤੇ ਮੈਂ ਉਸ ਨੂੰ ਵੇਖ ਰਿਹਾ ਸੀ ।

13 ਅਤੇ ਮੈਂ ਇੱਕ ਆਵਾਜ਼ ਸਵਰਗ ਤੋਂ ਉਤਰਦੀ ਅਤੇ ਇਹ ਆਖਦੇ ਸੁਣੀ, "ਪਰ ਮੈਂ ਇਸ ਸਮੇਂ ਤੋਂ ਤੈਨੂੰ ਵਡਿਆਈ ਦੇਣ ਦੀ ਸ਼ੁਰੂਆਤ ਕਰਾਂਗਾ" । ਅਤੇ ਮੈਂ ਵੇਖਿਆ, ਅਤੇ ਮੈਂ ਕਦੇ ਵੀ ਲੋਕਾਂ ਦੀ ਅਜਿਹੀ ਭੀੜ ਨਹੀਂ ਵੇਖੀ, ਉਹ ਹਰ ਪਾਸਿਓਂ ਆ ਰਹੇ ਸਨ ।

14 ਅਤੇ ਭਾਈ ਰੌਬਰਟਸ ਦਾ ਨਾਮ ਪੁਕਾਰਿਆ ਗਿਆ, ਕਿਹਾ, "ਹੁਣ ਭਾਈ ਔਰਲ ਰੌਬਰਟਸ ਤਹਾਨੂੰ ਮਿਲਣ ਲਈ ਆ ਰਹੇ ਹਨ" ।

ਅਤੇ ਮੈਂ ਕਿਹਾ, "ਮੈਂ ਭਾਈ ਰੌਬਰਟਸ ਨੂੰ ਕਿਵੇਂ ਨਮਸਕਾਰ ਬੁਲਾਵਾਂਗਾ?"

ਕਿਹਾ, "ਬਿਲਕੁਲ ਉਸੇ ਤਰਾਂ ਜਿਵੇਂ ਉਹ ਤੁਹਾਨੂੰ ਬੁਲਾਉਂਦੇ ਹਨ" ।

15 ਖੈਰ, ਮੈਂ ਭਾਈ ਰੌਬਰਟਸ ਨੂੰ ਕਾਲੇ ਸੂਟ ਵਿੱਚ ਆਉਂਦੇ ਹੋਏ ਵੇਖਿਆ ਅਤੇ ਇੱਕ ਛੋਟੀ ਟੋਪੀ ਜਿਵੇਂ ਬਿੰਗ ਕ੍ਰੋਸਬੀ ਪਹਿਨਣਦੇ ਹਨ, ਉਹ ਜਿਹੜੀ ਉਪਰ ਨੂੰ ਮੋੜ ਕੇ ਹੇਠਾਂ ਨੂੰ ਆਉਂਦੀਆਂ ਹਨ, ਇੱਕ ਛੋਟੀ ਕਾਲੀ ਟੋਪੀ । ਅਤੇ ਮੈਂ ਜਿਵੇਂ ਇੱਕ ਉਚੀ ਜਗ੍ਹਾ ਤੇ ਖੜਾ ਸੀ ਅਤੇ ਉਸ ਨੇ ਉਪਰ ਵੇਖਿਆ ਅਤੇ ਕਿਹਾ, "ਹੈਲੋ, ਭਾਈ ਬ੍ਰਾਨਹਾਮ" ।

ਅਤੇ ਮੈਂ ਕਿਹਾ, "ਹੈਲੋ, ਭਾਈ ਰੌਬਰਟਸ," ਉਸ ਨਾਲ ਹੱਥ ਮਿਲਾਇਆ ।

ਉਸਨੇ ਕਿਹਾ, "ਤੁਹਾਡੇ ਕੋਲ ਚੰਗੀ ਭੀੜ ਹੈ" ।

16 ਮੈਂ ਕਿਹਾ, "ਕਾਫੀ ਭੀੜ ਹੈ, ਭਾਈ ਰੌਬਰਟਸ" । ਅਤੇ ਉਹ ਮੁੜਿਆ ਅਤੇ ਉਸੇ ਸੱਜੇ ਪਾਸੇ ਚਲਾ ਗਿਆ ਜਿਵੇਂ ਬਿੱਲੀ ਗਿਆ ਸੀ ।

17 ਅਤੇ ਮੈਂ ਸੋਚਿਆ, "ਮੈਂ ਕਿਸ ਜਗਾ ਤੋਂ ਉਹਨਾਂ ਨਾਲ ਗੱਲ ਕਰਾਂਗਾ?" ਅਤੇ ਮੈਂ ਉਹਨਾਂ ਨਾਲ ਗਲ ਕਰਣ ਲਈ ਜਗ੍ਹਾ ਲਭਣ ਦੀ ਕੋਸ਼ਿਸ ਕਰ ਰਿਹਾ

ਸੀ । ਮੈਂ ਇੱਕ ਅਜਿਹੀ ਹਾਲਤ ਵਿੱਚ ਸੀ ਕਿ ਮੈਨੂੰ ਕੋਈ ਜਗ੍ਹਾ ਨਹੀਂ ਲਭ ਰਹੀ ਸੀ ਜਿਥੇ ਖਲੋ ਕੇ ਮੈਂ ਉਹਨਾਂ ਨਾਲ ਗਲ ਕਰ ਸਕਾਂ ।

ਅਤੇ ਕਿਸੇ ਨੇ ਕਿਹਾ, “ਅੱਛਾ, ਇਥੇ ਆ ਜਾਓ” ।

18 ਮੈਂ ਕਿਹਾ, “ਖੈਰ, ਤੁਸੀਂ ਉਥੇ ਕੋਈ ਬਿਹਤਰ ਨਹੀਂ ਵੇਖ ਸਕਦੇ” ।ਅਤੇ ਤੱਦ ਮੈਨੂੰ ਇਹ ਯਾਦ ਆਇਆ, ਮੈਂ ਕਿਹਾ, “ਮੇਰੇ ਲਈ ਕਰਨ ਲਈ ਸਭ ਤੋਂ ਮੁੱਖ ਕੰਮ ਇਹ ਹੈ ਕਿ ਮੈਂ ਪਰਮੇਸ਼ੁਰ ਅਤੇ ਉਸ ਦੇ ਬੱਚਿਆਂ ਲਈ ਆਪਣੇ ਦਿਲ ਨੂੰ ਹਮੇਸ਼ਾ ਨਿਮਰ ਰਖਾਂ” ।

19 ਅਤੇ ਮੈਂ ਦਰਸ਼ਨ ਵਿਚੋਂ ਬਾਹਰ ਆ ਗਿਆ । ਅਤੇ ਮੈਂ ਸੋਚਿਆ “ਇਸ ਦਾ ਕੀ ਅਰਥ ਹੈ। ਹੋ ਸਕਦਾ ਹੈ ਇਸਦਾ ਅਰਥ ਹੈ ਕਿ ਸਾਡੇ ਕੋਲ…ਜਾਂ ਇਹ ਕਿਥੇ ਹੋਵੇਗਾ?” ਤੁਸੀਂ ਵੇਖਿਆ, ਕਈ ਵਾਰ ਦਰਸ਼ਨਾਂ ਵਿੱਚ, ਉਹ ਤੁਹਾਨੂੰ ਇਹ ਨਹੀਂ ਦਸਦਾ ਕਿ ਕਿਥੇ ਹੋਵੇਗਾ, ਉਹ—ਉਹ ਤਾਂ ਬੱਸ ਬੋਲਦਾ ਹੈ ਅਤੇ ਤੁਸੀਂ ਸਿਰਫ…ਇਹ ਇੱਕ ਦ੍ਰਿਸ਼ਟਾਂਤ ਵਾਂਗ ਹੁੰਦਾ ਹੈ । ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਜਿਹੜੇ ਬਾਈਬਲ ਪੜ੍ਹਦੇ ਹੋ ਇਸ ਨੂੰ ਸਮਝਦੇ ਹੋ ।

20 ਅਤੇ ਫਿਰ ਮੈਂ ਮੂਹਰਲੇ ਕਮਰੇ ਵਿੱਚ ਗਿਆ ਅਤੇ ਕੁਝ ਚਿਰ ਲਈ ਉਥੇ ਬੈਠ ਗਿਆ ਅਤੇ ਇਹ ਸਵੇਰ ਦੇ ਸਾਢੇ ਤਿੰਨ ਜਾਂ ਚਾਰ ਵਜੇ ਦਾ ਸਮਾਂ ਸੀ । ਮੈਨੂੰ ਬਹੁਤ ਜਿਆਦਾ ਨੀਂਦ ਆ ਰਹੀ ਸੀ । ਮੈਂ ਫਿਰ ਜਾ ਕੇ ਸੋਂ ਗਿਆ ਅਤੇ ਮੈਂ ਇੱਕ ਸੁਫਨਾ ਵੇਖਿਆ ਅਤੇ ਇਹ ਸਭ ਤੋਂ ਵਿਚਿਤ੍ਰ ਸੁਫਨਾ ਸੀ । ਅਤੇ ਤੁਹਾਡੇ ਵਿਚੋਂ ਬਹੁਤ ਸਾਰੇ ਜੈਕ ਮੂਰ ਨੂੰ ਜਾਣਦੇ ਹਨ ਜੋ ਕਿ ਪ੍ਰਬੰਧਕਾਂ ਵਿਚੋਂ ਇੱਕ ਹਨ । ਭਾਈ ਜੈਕ ਮੂਰ, ਮੈਂ ਉਸ ਨੂੰ ਕਈ ਸਾਲਾਂ ਤੋਂ ਜਾਣਦਾ ਹਾਂ । ਮੈਂ ਸੋਚਿਆ ਮੈਂ ਉਸ ਦੀ ਲੜਕੀ ਨਾਲ ਘੁੰਮ ਰਿਹਾ ਸੀ, ਲਗਭਗ ਸਤਾਰਾਂ ਸਾਲ ਦੀ ਇਕ ਲੜਕੀ, ਛੋਟੀ ਜੈਕ਼ੀ, ਮੈਂ ਉਸ ਦਾ ਹੱਥ ਫੜ ਕੇ ਉਪਰ ਪਹਾੜ ਵਲ ਉਸ ਦੀ ਅਗਵਾਈ ਕਰ ਰਿਹਾ ਸੀ । ਖੈਰ, ਮੈਂ ਉਸ ਨੂੰ ਤੱਦ ਤੋਂ ਜਾਣਦਾ ਹਾਂ ਜੱਦ ਉਹ ਕੇਵਲ ਇੱਕ ਦੁਧ ਪੀਂਦੀ ਬੱਚੀ ਹੀ ਸੀ । ਅਤੇ ਮੈਂ ਉਸ ਦੀ ਪਹਾੜੀ ਉਪਰ ਲੈ ਕੇ ਜਾ ਰਿਹਾ ਸੀ ਅਤੇ ਮੈਂ ਉਸ ਲੜਕੀ ਦੀ ਅਗਵਾਈ ਕਰਦੇ ਹੋਏ ਸ਼ਹਿਰ ਦੇ ਤਿੰਨ ਭਾਗ ਪਾਰ ਕਰ ਗਿਆ । ਅਤੇ ਅਸੀਂ ਇੱਕ ਵੱਡੇ ਰੁੱਖ ਹੇਠ ਪਹੁੰਚੇ ਅਤੇ ਉਹ ਹੇਠਾਂ ਬੈਠ ਗਈ । ਅਤੇ ਜਿਵੇਂ ਅੱਜ ਕਲ ਕਿਸ਼ੋਰ ਉਮਰ ਦੀਆਂ ਲੜਕੀਆਂ ਸਕਰਟਾਂ ਪਹਿਣਦੀਆਂ ਹਨ ਜਿਨ੍ਹਾਂ ਦਾ ਘੇਰਾ ਬਾਹਰ ਨੂੰ ਨਿਕਲਿਆ ਹੁੰਦਾ ਹੈ, ਉਸ ਨੇ ਉਸ ਤਰਾਂ ਦੀ ਸਕਰਟ ਪਹਿਨੀ ਹੋਈ ਸੀ । ਅਤੇ ਉਹ ਆਪਣੀ ਸਕਰਟ ਨੂੰ ਫੈਲਾ ਕੇ ਬੈਠ ਗਈ । ਅਤੇ ਜਿਵੇਂ ਜਵਾਨ ਲੋਕ ਇੱਕ ਦੂਸਰੇ ਵਲ ਵੇਖਦੇ ਹਨ, ਉਸ ਨੇ *ਇਸ* ਤਰਾਂ ਆਪਣੇ ਹਥਾਂ ਨੂੰ ਰਖਿਆ ਅਤੇ ਅਸਮਾਨ ਵਲ੍ਹ ਵੇਖਣਾ ਸ਼ੁਰੂ ਕਰ ਦਿਤਾ । ਖੈਰ, ਜੈਕੀ ਇੱਕ ਬਹੁਤ ਚੰਗੀ ਛੋਟੀ ਲੜਕੀ ਹੈ ਪਰ

ਉਸ ਦਾ ਵੱਡਾ ਮੂੰਹ ਹੈ ਅਤੇ ਅੱਖਾਂ ਬਹੁਤ ਵੱਡੀਆਂ ਹਨ, ਰਤੀਲੇ ਵਾਲ ਹਨ, ਬਹੁਤ ਜਿਆਦਾ ਆਕਰਸ਼ਕ ਨਹੀਂ ਹੈ, ਪਰ ਇੱਕ ਵਾਸਤਵਿਕ ਜਵਾਨ ਔਰਤ ਹੈ । ਅਤੇ ਮੈਂ ਉਸ ਦੀਆਂ ਵੱਡੀਆਂ ਅੱਖਾਂ ਨੂੰ ਵੇਖ ਸਕਦਾ ਸਾਂ ਜਦਕਿ ਉਹ ਅਸਮਾਨ ਵਲ ਵੇਖ ਰਹੀ ਸੀ ਅਤੇ ਜਿਵੇਂ ਅਸਮਾਨ ਦੀ ਝਲਕ ਨੂੰ ਉਸਦੀਆਂ ਅੱਖਾਂ ਵਿੱਚ ਦਿੱਸ ਰਹੀ ਸੀ ।

21 ਖੈਰ, ਮੈਂ ਉਸ ਕੋਲੋਂ ਪੰਜ ਫੁੱਟ ਦੂਰੀ ਤੇ ਗਿਆ ਅਤੇ *ਇਸ* ਤਰਾਂ ਵੱਖੀ ਭਾਰ ਲੇਟ ਗਿਆ ਅਤੇ ਇੱਕ ਘਾਹ ਦਾ ਤਿਨਕਾ ਲਿਆ ਅਤੇ ਆਪਣੇ ਮੂੰਹ ਵਿੱਚ ਪਾ ਲਿਆ ਅਤੇ ਇਸ ਤਿਨਕੇ ਨੂੰ ਚੱਬਣ ਲਗਾ । ਅਤੇ ਮੈਂ ਸੋਚਣਾ ਸ਼ੁਰੂ ਕਰ ਦਿਤਾ, “ਮੈਂ ਇਥੇ ਕੀ ਕਰ ਰਿਹਾ ਹਾਂ? ਮੈਂ ਇੱਕ ਬੁਢਾ ਆਦਮੀ ਇਸ ਜਵਾਨ ਲੜਕੀ ਨਾਲ ਕਿਓਂ ਹਾਂ? ਕਿਓਂ” ਮੈਂ ਕਿਹਾ, “ਮੈਂ ਸ਼ਾਦੀਸ਼ੁਦਾ ਹਾਂ ਅਤੇ ਮੇਰੇ ਕੁਝ ਬੱਚੇ ਹਨ । ਮੇਰਾ ਇਸ ਜਗ੍ਹਾ ਤੇ ਇਸ ਜਵਾਨ ਲੜਕੀ ਨਾਲ ਕੋਈ ਕੰਮ ਨਹੀਂ ਹੈ” ।

22 ਅਤੇ ਮੈਂ ਖਲੋਣਾ ਸ਼ੁਰੂ ਕਰ ਦਿਤਾ । ਅਤੇ ਜਦੋ ਮੈਂ ਖਲੋ ਗਿਆ, ਰੁੱਖ ਵਿਚੋਂ ਇੱਕ ਆਵਾਜ਼ ਆਈ ਅਤੇ ਕਿਹਾ, “ਇਹ ਇੱਕ ਨਿਸ਼ਾਨ ਲਈ ਅਤੇ ਕਿਸੇ ਕਾਰਨ ਲਈ ਹੈ”।

23 ਅਤੇ ਮੈਂ ਜਾਗ ਗਿਆ ਅਤੇ ਲਗਭਗ ਚਿਲਾ ਉਠਿਆ, ਇੱਕ—ਇੱਕ ਭਿਆਨਕ ਸੁਫਨਾ । ਮੈਂ ਸੋਚਿਆ, “ਔਹ, ਹੋ ਸਕਦਾ ਹੈ ਕਿ ਇਸਦਾ ਅਰਥ ਹੈ ਕਿ ਮੈਂ ਡਿੱਗਣ ਵਾਲਾ ਹਾਂ ਜਾਂ ਮੇਰੇ ਨਾਲ ਕੁਝ ਹੋਣ ਵਾਲਾ ਹੈ?” ਖੈਰ, ਮੈਂ ਸੋਚਿਆ, “ਜੇ ਮੈਂ ਆਪਣਾ ਹੀ ਦਿਮਾਗ ਇਸਤੇਮਾਲ ਕਰਨ ਦੀ ਕੋਸ਼ਿਸ ਕਰਾਂਗਾ ਤਾਂ ਮੈਂ ਇਸ ਨੂੰ ਗੜਬੜ ਕਰ ਦਿਆਂਗਾ, ਇਸ ਲਈ ਮੈਂ ਬੱਸ ਪਰਮੇਸ਼ੁਰ ਦੀ ਉਡੀਕ ਕਰਾਂਗਾ” । ਅਤੇ ਮੈਂ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿਤੀ । ਮੈਂ ਕਿਹਾ, “ਪ੍ਰਭੂ, ਕੀ ਇਹ ਸੁਫਨਾ ਉਸ ਦਰਸ਼ਨ ਨਾਲ ਸਬੰਧਤ ਹੈ ਜਿਹੜਾ ਰਾਤ ਦੇ ਪਹਿਲੇ ਪਹਿਰ ਵਿੱਚ ਆਇਆ ਸੀ, ਜਾਂ ਇਸ ਦਾ ਕੀ ਅਰਥ ਹੈ?”

24 ਕੁਝ ਚਿਰ ਉਡੀਕ ਕਰਨ ਮਗਰੋਂ, ਸ਼ਾਇਦ ਇੱਕ ਘੰਟਾ (ਮੇਰੀ ਪਤਨੀ ਪਹਿਲਾਂ ਹੀ ਜਾਗ ਗਈ ਸੀ ਅਤੇ ਨਾਸ਼ਤਾ ਤਿਆਰ ਕਰ ਲਿਆ ਸੀ ।), ਤੱਦ ਉਹ ਆਵਾਜ਼ ਫਿਰ ਦੁਬਾਰਾ ਆਈ ਅਤੇ ਕਿਹਾ, “ਕਿੰਗਸਟਨ ਨੂੰ ਚਲਿਆ ਜਾਹ ਅਤੇ ਤੈਨੂੰ ਉਥੇ ਦੱਸ ਦਿਤਾ ਜਾਵੇਗਾ ਕਿ ਕੀ ਕਰਨਾ ਹੈ” ।

25 ਇਸ ਲਈ, ਮੈਂ ਉਸੇ ਵੇਲੇ ਕਿੰਗਸਟਨ ਨੂੰ ਚਲਿਆ ਗਿਆ । ਅਤੇ ਉਹਨਾਂ—ਉਹਨਾਂ ਨੇ ਵੀਰਵਾਰ ਦੁਪਹਿਰ ਨੂੰ ਜਾਣਿਆ ਕਿ ਮੈਂ ਸ਼ੁਕਰਵਾਰ ਨੂੰ ਉਥੇ ਹੋਵਾਂਗਾ । ਅਸੀਂ ਬੱਸ ਐਨੀ ਕੁ ਮਸ਼ਹੂਰੀ ਹੀ ਕਰ ਸਕੇ । ਮੈਨੂੰ ਇਹ ਕਰਨਾ ਨਹੀਂ ਆਉਂਦਾ…?…ਜਾਂ ਭੀੜਾਂ ਦੀ ਗਿਣਤੀ ਦਾ ਅੰਦਾਜਾ ਲਗਾਉਣਾ,

ਕਿਓਂਕਿ ਮੈਂ ਅਕਸਰ ਵਧਾ-ਚੜ੍ਹਾ ਕੇ ਅੰਦਾਜਾ ਲਗਾਉਂਦਾ ਹਾਂ । ਪਰ ਪਹਿਲੀ ਰਾਤ, ਮੈਂ ਕਹਾਂਗਾ ਕਿ ਸਾਡੇ ਕੋਲ ਲਗਭਗ ਬਾਰਾਂ, ਔਹ, ਲਗਭਗ ਬਾਰਾਂ ਹਜਾਰ ਲੋਕ ਸਨ, ਕਿਓਂਕਿ ਇਸ ਬਾਰੇ ਕੇਵਲ ਇੱਕ ਦਿਨ ਹੀ ਪਤਾ ਲਗਾ ਸੀ । ਅਤੇ ਅਗਲੇ ਦਿਨ ਉਹਨਾਂ ਦੌੜਾਕ ਦੁੜਾਏ, ਰੀਲੇਅ ਤੇ, ਉੱਪਰ ਪਹਾੜੀ ਤੱਕ । ਇੱਕ ਦੌੜਾਕ ਚਾਰ ਮੀਲ ਤੱਕ ਦੌੜਦਾ ਸੀ ਅਤੇ ਫਿਰ ਇੱਕ ਹੋਰ ਦੌੜਾਕ ਪਹਾੜੀ ਦੇ ਉਪਰ ਤੱਕ ਜਾਂਦਾ ਸੀ । ਅਤੇ ਦੂਸਰੀ ਰਾਤ ਉਥੇ ਲਗਭਗ ਪੰਜ ਹਜਾਰ ਲੋਕ ਸਨ । ਅਤੇ ਤੀਸਰੀ ਰਾਤ ਇਹ ਅਨੁਮਾਨ ਲਗਾਇਆ ਗਿਆ ਕਿ ਉਥੇ ਪੰਦਰਾਂ ਹਜਾਰ ਲੋਕ ਸਨ ਜਾਂ ਸ਼ਾਇਦ ਵੀਹ ਹਜਾਰ । ਅਤੇ ਉਥੇ ਹਜਾਰ ਦੇ ਹਜਾਰ ਗੁਣਾ ਲੋਕ ਪ੍ਰਭੂ ਕੋਲ ਆਏ ।

26 ਅਤੇ ਦਰਸ਼ਨ ਸੀ, ਛੋਟੀ ਕਲੀਸਿਯਾ, ਉਹ ਲੜਕੀ ਇਕ ਕੁਵਾਰੀ ਸੀ, ਕੇਵਲ ਇੱਕ ਬੱਚੀ ਸੀ ਜਿਸਦਾ ਅਰਥ ਸੀ ਕਲੀਸਿਯਾ ਦਾ ਕੁਆਰਾਪਣ । ਅਤੇ ਪਹਾੜ ਉੱਤੇ ਤਿੰਨ ਸ਼ਹਿਰੀ ਭਾਗ, ਤਿੰਨ ਦਿਨ ਸਨ ਜਿਨ੍ਹਾਂ ਵਿੱਚ ਮੈਂ ਸੇਵਕਾਈ ਕਰਨੀ ਸੀ । ਅਤੇ ਆਪਣੀ ਸੇਵਕਾਈ ਦੁਆਰਾ ਛੋਟੀ ਕੁਆਰੀ ਕਲੀਸਿਯਾ ਨੂੰ, ਉਸ ਜਗਾ ਤੋਂ ਜਿਥੇ ਉਹ ਸੀ, ਉਸ ਨੂੰ ਪਰਮੇਸ਼ੁਰ ਦੀਆਂ ਉੱਚੀਆਂ ਚੀਜਾਂ ਵਿੱਚ ਲੈ ਕੇ ਜਾਣਾ ਜੱਦ ਤੱਕ ਇਹ ਪੂਰੇ ਟਾਪੂ ਨੂੰ ਹਿਲਾ ਨਾ ਦਵੇ ।

27 ਅਤੇ, ਔਹ, ਸੇਵਕ ਅਤੇ ਆਸ ਪਾਸ ਦੇ ਲੋਕ ਅਤੇ ਸ਼ਹਿਰ ਦੇ ਅਧਿਕਾਰੀ ਵੀ, ਰੋ ਰਹੇ ਸਨ, ਮੰਗ ਰਹੇ ਸਨ ਅਤੇ ਮਨਾ ਰਹੇ ਸਨ, “ਕੇਵਲ ਇੱਕ ਜਾਂ ਦੋ ਰਾਤਾਂ ਹੋਰ” ।

28 ਅਸੀਂ ਉਸ ਜਗ੍ਹਾ ਤੋਂ ਪਿਉਰਟੋ ਰਿਕੋ ਨੂੰ ਚਲੇ ਗਏ । ਉਸ ਜਗਾ ਤੇ ਸਾਨੂੰ ਇੱਕ ਮਹਾਨ ਜਿੱਤ ਮਿਲੀ ਅਤੇ ਹਜਾਰ ਦੇ ਹਜਾਰ ਗੁਣਾ, ਏਥੋਂ ਤੀਕ ਇਹ ਅਨੁਮਾਨ ਲਗਾਇਆ ਗਿਆ ਕਿ ਲਗਭਗ ਚਾਲੀ ਹਜਾਰ ਕੀਮਤੀ ਰੂਹਾਂ ਪ੍ਰਭੂ ਯਿਸੂ ਕੋਲ ਆ ਗਈਆਂ ।ਅਤੇ ਜੇ ਇਸੇ ਤਰਾਂ ਹੁੰਦਾ ਰਿਹਾ, ਮੈਨੂੰ ਉਮੀਦ ਹੈ ਮੈਂ…ਮੈਂ ਇਹ ਆਪਣੀ ਕਲੀਸਿਯਾ ਨੂੰ ਕਹਿ ਸਕਦਾ ਹਾਂ, ਪਰ ਮੈਂ ਬਾਹਰਲੇ ਲੋਕਾਂ ਵਿੱਚ ਇੰਝ ਨਹੀਂ ਕਰ ਸਕਦਾ, ਜਿਥੇ ਆਪਣੇ ਲੋਕ ਨਹੀਂ ਹੁੰਦੇ, ਕਿਓਂਕਿ ਇਸ ਨੂੰ ਗਲਤ ਸਮਝਿਆ ਜਾ ਸਕਦਾ ਹੈ । ਪਰ ਮੇਰੇ ਕੋਲ ਇਥੇ ਕਾਗਜ ਉੱਤੇ ਉਸ ਜੱਜ ਦਾ ਨਾਮ ਹੈ, ਜਿਹਨੇ ਉਸ ਸਮੇਂ ਭਾਸ਼ਣ ਦਿੱਤਾ ਜੱਦ ਅਸੀਂ ਜਾ ਰਹੇ ਸੀ, ਠੀਕ ਇਸੇ ਜਗ੍ਹਾ ਤੇ, ਉਹ ਅਤੇ ਉਸਦੇ ਕਰਮਚਾਰੀ ।

29 ਅਤੇ ਮੈਂ…ਉਸਨੇ—ਉਸਨੇ ਕਿਹਾ, “ਇਸ ਟਾਪੂ ਵਿੱਚ ਵੱਖ ਵੱਖ ਸੇਵਕਾਂ ਦੇ ਆਉਣ ਨਾਲ ਅਸੀਂ ਸਨਮਾਨਿਤ ਹੋਏ ਹਾਂ” । ਉਸ ਨੇ ਕਿਹਾ, “ਜੱਦ ਸ੍ਰੀਮਾਨ ਬਿਲੀ ਗ੍ਰਾਹਮ ਹਾਲ ਹੀ ਵਿੱਚ ਇਸ ਟਾਪੂ ਤੋਂ ਗਏ,” ਅਤੇ ਕਿਹਾ, “ਸਾਡੇ ਕੋਲ ਇੱਕ ਮਹਾਨ ਸਭਾ ਹੋਈ,” ਉਸਨੇ ਕਿਹਾ, “ਪਰ ਬਿਲੀ ਗ੍ਰਾਹਮ ਸਾਡੇ ਕੋਲ

ਉਹੀ ਖੁਸ਼ਖਬਰੀ ਲੈ ਕੇ ਆਇਆ ਜਿਹੜੀ ਅਸੀਂ ਹਮੇਸ਼ਾ ਸੁਣਦੇ ਰਹੇ ਹਾਂ" । ਉਸੇ ਨੇ ਕਿਹਾ, "ਫਿਰ ਅਸੀਂ ਸ੍ਰੀਮਾਨ ਰੌਬਰਟਸ ਦੇ ਇਸ ਟਾਪੂ ਵਿੱਚ ਆਉਣ ਨਾਲ ਸਨਮਾਨਿਤ ਹੋਏ," ਉਸਨੇ ਕਿਹਾ, "ਸ੍ਰੀਮਾਨ ਰੌਬਰਟਸ ਨੇ ਸਾਨੂੰ ਤਿੰਨ ਦਿਨਾ ਦੀਆਂ ਮਹਾਨ ਸਭਾਵਾਂ ਦਿੱਤੀਆਂ । ਪਰ," ਕਿਹਾ, "ਪਰ ਹੋਟਲ ਦਾ ਖਰਚਾ ਬਹੁਤ ਜਿਆਦਾ ਸੀ," ਕਿਹਾ, "ਤਿੰਨ ਦਿਨਾ ਦਾ ਹੋਟਲ ਦਾ ਖਰਚਾ ਪੈਂਤੀ ਹਜਾਰ ਡਾਲਰ ਆਇਆ" । ਉਸ ਨੇ ਕਿਹਾ, "ਫਿਰ ਸ੍ਰੀਮਾਨ ਔਸਬੋਰਨ ਇਥੇ ਸਨ, ਜਿਹੜੇ ਮਸੀਹ ਦੇ ਮਹਾਨ ਸੇਵਕ ਹਨ । ਪਰ," ਕਿਹਾ, "ਜਦੋਂ ਸ੍ਰੀਮਾਨ ਔਸਬੋਰਨ ਚਲੇ ਗਏ ਤਾਂ ਉਸ ਜਗਾ ਤੇ ਨਿਰਾਸ਼ਾ ਸੀ," ਕਿਹਾ, "ਇੰਝ ਲਗਦਾ ਸੀ ਜਿਵੇਂ ਸਭ ਕੁਝ ਖਤਮ ਹੋ ਗਿਆ ਸੀ" ।

30 "ਪਰ," ਕਿਹਾ, "ਅਸੀਂ ਇਸ ਸਭਾ ਵਿੱਚ ਵੇਖਿਆ ਕਿ ਮੰਚ ਉੱਤੇ ਅਜਿਹਾ ਕੋਈ ਨਹੀਂ ਸੀ ਜਿਸ ਲਈ ਭਾਈ ਬ੍ਰਾਨਹਾਮ ਪ੍ਰਾਥਨਾ ਕਰਨ । ਪਰ," ਕਿਹਾ, "ਜੱਦ ਸਭਾਵਾਂ ਸਮਾਪਤ ਹੁੰਦੀਆ ਸਨ ਤਾਂ ਅਸੀਂ ਸਰੋਤਿਆਂ ਵਿਚੋਂ ਟਰੱਕ ਭਰ ਕੇ ਪੁਰਾਣੀਆਂ ਕੁਰਸੀਆਂ, ਡੰਡੇ ਅਤੇ ਬਹੁਤ ਸਾਰੀਆਂ ਚੀਜਾਂ ਚੁਕਦੇ ਸੀ" । ਉਸਨੇ ਕਿਹਾ, "ਇਸ ਵਾਰ ਇੱਕ ਮਨੁੱਖ ਨਹੀਂ ਸੀ, ਪਰਮੇਸ਼ੁਰ ਸਾਡੇ ਕੋਲ ਆਇਆ," ਉਸਨੇ ਕਿਹਾ ।

31 ਮੈਂ ਕਿਹਾ, "ਮੇਰੀ ਪ੍ਰਾਰਥਨਾ ਦੀ ਉਮੀਦ ਨਾ ਕਰੋ; ਪਰ ਉਸ ਜਗ੍ਹਾ ਤੇ ਆਪਣੀ ਪ੍ਰਾਰਥਨਾ ਕਰੋ, ਇੱਕ ਦੂਜੇ ਉੱਤੇ ਆਪਣੇ ਹੱਥਾਂ ਨੂੰ ਰੱਖੋ,"। ਅਤੇ ਉਹ ਲਗਭਗ ਇੱਕ ਜਾਂ ਦੋ ਦਰਜਨ ਲੋਕਾਂ ਨੂੰ ਮੰਚ ਉੱਤੇ ਲੈ ਕੇ ਆਉਂਦੇ ਸਨ, ਅਤੇ, ਜੱਦ ਗੁਪਤ ਭੇਤਾਂ ਨੂੰ ਬੋਲਿਆ ਜਾਂਦਾ ਸੀ ਤਾਂ ਲੋਕ ਬੱਸ ਚਿਲਾਉਣਾ ਸ਼ੁਰੂ ਕਰ ਦਿੰਦੇ ਸਨ । ਅਸੀਂ ਚੋਥੇ ਦਰਜੇ ਦੇ ਹੋਟਲ ਵਿੱਚ ਰੁਕੇ, ਅਤੇ ਆਪਣਾ ਸਾਰਾ ਖਰਚਾ ਆਪ ਹੀ ਕੀਤਾ ।

32 ਤੁਸੀਂ ਇੰਝ ਕਰਨ ਵਿੱਚ ਸਹਾਇਤਾ ਕੀਤੀ, ਤੁਸੀਂ, ਆਪਣੇ ਦਸਵੰਧ ਨਾਲ ਜੋ ਤੁਸੀਂ ਮੈਨੂੰ ਭੇਜਦੇ ਹੋ । ਉਸੇ ਨਾਲ ਇਹ ਸਭ ਕੁਝ ਹੋਇਆ ਹੈ । ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਜਾਣੋ, ਉਸ ਸਭ ਵਿੱਚ, ਤੁਹਾਡਾ ਵੀ ਇੱਕ ਯੋਗਦਾਨ ਹੈ । ਅਤੇ ਪਰਮੇਸ਼ੁਰ ਉਸ ਆਉਣ ਵਾਲੇ ਮਹਾਨ ਮਹਿਮਾਮਈ ਦਿਨ ਵਿੱਚ ਤੁਹਾਨੂੰ ਇਸ ਦਾ ਫਲ ਦਵੇਗਾ । ਵੇਖੋ, ਤੁਹਾਨੂੰ ਨਹੀਂ…

33 ਜੇ ਇੱਕ ਸ਼ਖਸ ਆਪ ਹੀ ਜਾਂਦਾ ਹੈ ਅਤੇ ਕੁਝ ਕਰਦਾ ਹੈ, ਤਾਂ ਫਿਰ ਤੁਸੀਂ ਵੇਖਦੇ ਹੋ ਕਿ ਜੱਦ ਉਹ ਸ਼ਖਸ ਚਲਾ ਜਾਂਦਾ ਹੈ ਤਾਂ ਉਹ ਲੋਕ ਸੋਚਦੇ ਹਨ, "ਇੱਕ ਵਡੀ ਨਿਰਾਸ਼ਾ ਹੈ, ਪਰਮੇਸ਼ੁਰ ਨੇ ਸਾਨੂੰ ਛੱਡ ਦਿਤਾ ਹੈ" । ਪਰਮੇਸ਼ੁਰ ਤਹਾਨੂੰ ਨਹੀਂ ਛੱਡਦਾ । ਉਹ ਹਮੇਸ਼ਾ ਤੁਹਾਡੇ ਨਾਲ ਹੈ । ਪਰਮੇਸ਼ੁਰ ਕਿਸੇ ਸ਼ਖਸ ਨੂੰ ਕਿਸੇ ਖਾਸ ਸੇਵਕਾਈ ਲਈ ਇਸਤੇਮਾਲ ਕਰ ਸਕਦਾ ਹੈ ਪਰ ਇਸਦਾ ਮਤਲਬ ਇਹ

ਨਹੀਂ ਹੈ ਕਿ ਉਸ ਸਖਸ ਕੋਲ ਪਰਮੇਸ਼ੁਰ ਦਾ ਇਸਤੇਮਾਲ ਕਰਨ ਦਾ ਵਿਕਲਪ ਹੈ। ਇਹ ਤਾਂ ਤੁਹਾਡਾ ਪਰਮੇਸ਼ੁਰ ਵਿੱਚ ਆਪਣਾ ਹੀ ਵਿਸ਼ਵਾਸ ਹੈ।

34 ਅਤੇ ਉਹ ਉਥੇ ਛੋਟੀਆਂ ਛੋਟੀਆਂ ਰੇਹੜੀਆਂ ਵਿੱਚ ਜਾਂਦੇ, ਉਹ ਛੋਟੀਆਂ ਰੇਹੜੀਆਂ ਨੂੰ ਲੈਂਦੇ, ਅਤੇ—ਅਤੇ ਇੱਕ ਬੋਰਡ ਬਣਾ ਕੇ ਉਸ ਉੱਤੇ ਲੋਕਾਂ ਨੂੰ ਲਿਟਾ ਕੇ ਉਨ੍ਹਾਂ ਨੂੰ ਰੇੜ੍ਹ ਕੇ ਅੰਦਰ ਲੈ ਆਉਂਦੇ। ਅਤੇ ਸਭਾ ਦੀ ਸਮਾਪਤੀ ਤੋਂ ਬਾਅਦ ਜਦ ਸਾਰਾ ਮੈਦਾਨ ਖਾਲੀ ਹੋ ਜਾਂਦਾ ਤਾਂ ਉਹ ਗੱਡੀਆਂ ਲੈ ਕੇ ਜਾਂਦੇ ਅਤੇ ਪੁਰਾਣੀਆਂ ਰੇਹੜੀਆਂ ਅਤੇ ਪੁਰਾਣੀਆਂ ਕੁਰਸੀਆਂ, ਸੋਟੀਆਂ ਅਤੇ ਮੰਜੀਆਂ ਇੱਕਠੀਆਂ ਕਰਦੇ ਅਤੇ ਠੀਕ ਉਸ ਜਗ੍ਹਾ ਤੋਂ ਜਿਥੇ ਉਹ ਉਨ੍ਹਾਂ ਨੂੰ ਛੱਡ ਕੇ ਤੁਰਦੇ ਜਾਂਦੇ ਸਨ ਕਿਓਂਕਿ ਪਰਮੇਸ਼ੁਰ ਦੀ ਹਜ਼ੂਰੀ ਉਸ ਜਗ੍ਹਾ ਤੇ ਸੀ। ਇਹੀ ਤਾਂ ਹੈ ਜੋ ਅਸੀਂ ਵੇਖਣਾ ਚਾਹੁੰਦੇ ਹਾਂ। ਜੱਦ ਮੁਨੱਖ ਤਸਵੀਰ ਵਿਚੋਂ ਬਾਹਰ ਹੁੰਦਾ ਹੈ ਤਾਂ ਪਰਮੇਸ਼ੁਰ ਕੰਮ ਕਰਦਾ ਹੈ।

35 ਵਾਪਸ ਆਉਂਦੇ ਹੋਏ, ਇਸ ਸਵੇਰ ਕੇਵਲ ਸਹਾਇਤਾ ਕਰਨ ਲਈ, ਮੈਂ ਕੁਝ ਹੀ ਮਿਨਟਾਂ ਵਿੱਚ ਪਰਚਾਰ ਕਰਾਂਗਾ। ਅਤੇ ਮੈਂ ਮੁੰਡਿਆਂ ਨੂੰ ਕਿਹਾ ਕਿ ਟੇਪ ਨੂੰ ਕਿਸੇ ਨੂੰ ਨਾ ਦੇਣਾ। ਤਿੰਨ ਦਿਨ ਮੈਂ ਸੋਚਣ ਦੀ ਬਹੁਤ ਕੋਸ਼ਿਸ ਕੀਤੀ, "ਮੈਂ ਕੀ ਪ੍ਰਚਾਰ ਕਰਾਂਗਾ?" ਅਤੇ ਇਸ ਸਵੇਰ, ਨਿਕਲਣ ਤੋਂ ਪਹਿਲਾਂ, ਮੈਂ ਆਪਣੇ ਦਿਲ ਵਿੱਚ ਕਲੀਸਿਯਾ ਲਈ ਇੱਕ ਸਖਤ ਚੇਤਾਵਣੀ ਨੂੰ ਮਹਿਸੂਸ ਕੀਤਾ। ਅਤੇ ਮੈਂ ਉਹਨਾਂ ਨੂੰ ਕਿਹਾ, "ਟੇਪ ਨੂੰ ਲੈ ਲਵੋ, ਪਰ ਉਨ੍ਹਾਂ ਨੂੰ ਵੇਚਣ ਲਈ ਨਾ ਦਿਓ"।

36 ਪਰ ਇਸ ਤੋਂ ਪਹਿਲਾਂ ਅਸੀਂ ਇਹ ਕਰੀਏ, ਮੈਂ ਤਹਾਨੂੰ ਇੱਕ ਛੋਟੀ ਜਿਹੀ ਗਵਾਹੀ ਦੇਣਾ ਚਾਹੁੰਦਾ ਹਾਂ, ਤਾਂ ਜੋ ਇਸ ਨਾਲ ਤੁਹਾਡਾ ਭਲਾ ਹੋਵੇ। ਇਸ ਨੇ ਮੇਰਾ ਭਲਾ ਕੀਤਾ। ਅਸੀਂ ਤਿੰਨਾਂ ਦਿਨਾਂ ਲਈ, ਲੀਓ, ਜੀਨ ਅਤੇ ਮੈਂ ਅਤੇ ਮੇਰਾ ਪੁੱਤਰ ਬਿਲੀ ਪੌਲ ਅਤੇ ਉਸਦੀ ਪਤਨੀ ਮੱਛੀਆਂ ਫੜਨ ਲਈ ਇੱਕ ਮਿੱਤਰ ਕੋਲ ਗਏ ਜਿਹੜਾ ਡੇਰੇ ਵਿੱਚ ਜਾਰਜੀਆ ਤੋਂ ਆਉਂਦਾ ਹੈ। ਅਤੇ ਉਹ ਸਾਨੂੰ ਪਿਛਾਂਹ ਦਲਦਲੀ ਇਲਾਕੇ ਵਿੱਚ ਲੈ ਗਏ, ਹੁਣ ਮੈਂ ਇਹ ਨਹੀਂ ਜਾਣਦਾ ਕਿ ਇਹ ਕਿਥੇ ਸੀ, ਓਕੈਚੋਬੀ ਦੇ ਨੇੜੇ ਜਾਂ ਇਸੇ ਤਰਾਂ ਕਿਸੇ ਹੋਰ ਜਗ੍ਹਾ, ਮੈਂ ਉਹ ਨਾਮ ਨਹੀਂ ਜਾਣਦਾ ਜਿਹੜਾ ਸੈਮੀਨੋਲ ਇੰਡੀਅਨ ਲੋਕਾਂ ਨੇ ਉਸ ਜਗ੍ਹਾ ਨੂੰ ਦਿੱਤਾ ਹੈ। ਪਰ, ਜੋ ਵੀ ਸੀ, ਅਸੀਂ ਬਹੁਤ ਮੀਲ ਪਿਛਾਂਹ ਸੀ।

37 ਅਤੇ ਇਹ ਭਾਈ ਏਵਨਸ, ਉਸਦਾ ਭਰਾ ਇੱਕ ਪਾਪੀ ਹੈ। ਅਤੇ ਉਹ ਇੱਕ ਮਛਿਆਰਾ ਹੈ ਅਤੇ ਉਹ ਕੁਝ ਮਹੀਨੇ ਪਹਿਲਾਂ ਦਲਦਲੀ ਇਲਾਕੇ ਵਿੱਚ ਵਾਪਸ ਚਲਾ ਗਿਆ ਸੀ। ਅਤੇ ਉਸ ਜਗਾ ਤੇ ਉਨਾ ਕੋਲ ਇੱਕ ਕਿਸਮ ਦਾ ਸੱਪ ਹੈ ਜਿਸ ਨੂੰ ਉਹ "ਜਮੀਨੀ ਰੈਟਲਰ" ਆਖਦੇ ਹਨ। ਅਤੇ ਜਮੀਨੀ ਰੈਟਲਰ ਨੇ

ਉਸਨੂੰ ਡੰਗ ਲਿਆ ਅਤੇ ਉਹ ਬਹੁਤ ਮੁਸ਼ਕਿਲ ਨਾਲ ਬਚਿਆ। ਉਸ ਦੇ ਹੱਥ ਪੈਰ ਸੁੱਜ ਗਏ ਅਤੇ ਉਹ ਉਸਨੂੰ ਡਾਕਟਰਾਂ ਕੋਲ ਲੈ ਗਏ ਅਤੇ ਉਹਨਾਂ ਉਸ ਨੂੰ ਟੀਕੇ ਲਗਾਏ।ਉਹ ਚੀਜਾਂ ਘਾਤਕ ਹਨ। ਅਤੇ ਉਨਾ ਕੋਲ ਉਸ ਜਗਾ ਤੇ ਬਹੁਤ ਸਾਰੇ ਕਾਟਨਮਾਉਥ ਸੱਪ ਵੀ ਹਨ, ਕਾਟਨਮਾਉਥ, ਮੋਕਾਸਿਨ ਅਤੇ ਵੀਹ-ਵੀਹ ਫੁੱਟ ਲੰਮੇ ਮਗਰਮੱਛ।

38 ਅਤੇ ਜੱਦ ਅਸੀਂ ਉਸ ਜਗਾ ਤੇ ਮੱਛੀਆਂ ਫੜ ਰਹੇ ਸੀ, ਮੈਂ ਇੱਕ ਵਡੀ ਬਾਸ ਮੱਛੀ ਫੜ ਲਈ ਸੀ। ਔਹ, ਇਹ ਅਸਲ ਵਿੱਚ ਇੱਕ ਅਰਾਮ ਦਾ ਦਿਨ ਸੀ। ਅਤੇ ਉਹ ਮੱਛੀ ਏਨੀ ਵੱਡੀ ਸੀ ਕਿ ਮੈਂ ਉਸ ਨੂੰ ਪਾਣੀ ਵਿਚੋਂ ਬਾਹਰ ਨਹੀਂ ਕਢ ਸਕਿਆ ਅਤੇ ਉਸਨੇ ਕੁੰਡੀ ਨੂੰ ਸਿਧਾ ਕਰ ਲਿਆ ਅਤੇ ਆਪਣੇ ਆਪ ਨੂੰ ਅਜਾਦ ਕਰ ਲਿਆ। ਅਤੇ ਸਾਡੇ ਕੋਲ ਬਹੁਤ ਸਾਰੀਆਂ ਬਾਸ ਮੱਛੀਆਂ ਸਨ, ਲਗਭਗ ਇੱਕ ਸੋ ਪੰਜਾਹ ਪੌਂਡ ਵਡੀਆਂ ਬਾਸ ਮੱਛੀਆਂ ਸਨ। ਅਤੇ ਉਨ੍ਹਾਂ ਵਿਚੋਂ ਕਈਆਂ ਦਾ ਭਾਰ ਕਈ ਪੌਂਡ ਸੀ, ਚਾਰ ਤੋਂ ਲੈ ਕੇ ਸੱਤ, ਅੱਠ ਪੌਂਡ। ਅਤੇ ਮੈਂ ਇੱਕ ਵੱਡੀ ਬਾਸ ਮੱਚੀ ਫੜੀ ਪਰ ਉਹ ਨੱਸ ਗਈ।

39 ਅਤੇ ਮੈਂ ਫਿਰ ਕੁੰਡੀ ਸੁੱਟੀ, ਅਤੇ ਮੈਂ—ਮੈਂ ਇੱਕ ਹੋਰ ਮੱਛੀ ਫੜ ਲਈ, ਲਗਭਗ ਛੇ ਜਾਂ ਸੱਤ ਪੌਂਡ।ਅਤੇ ਮੇਰੇ ਕੋਲ ਇੱਕ ਲੰਮੀ ਕੁੰਡੀ ਸੀ, ਜਿਸ ਨੂੰ ਪੱਤਿਆ ਦੇ ਉਪਰ ਕਰ ਕੇ ਰੱਖਣਾ ਪੈਂਦਾ ਹੈ। ਅਤੇ ਭਾਈ ਏਵਨਸ ਕੋਲ... ਅਸੀਂ ਸਾਰੇ ਪਾਣੀ ਵਿੱਚ ਫਿਰਣ ਕਰਕੇ ਗਿਲੇ ਹੋ ਗਏ ਸੀ, ਕਿਓਂਕਿ ਉਥੇ ਕੇਵਲ ਦਲਦਲ ਹੀ ਸੀ। ਅਤੇ ਉਸਨੇ ਆਪਣੇ ਬੂਟ ਉਤਾਰ ਦਿੱਤੇ ਅਤੇ ਆਪਣੀ ਪੈਂਟ ਉਪਰ ਕਰ ਲਈ ਅਤੇ ਇੱਕ ਛੋਟੀ ਜਿਹੀ ਖੁਸ਼ਕ ਜਗਾ ਤੇ ਬੈਠਾ ਹੋਇਆ ਸੀ, ਜਿਵੇਂ ਆਪਣੇ ਕਪੜਿਆਂ ਨੂੰ ਸੁੱਕਾ ਰਿਹਾ ਸੀ। ਅਤੇ ਉਸਨੇ ਇਸ ਵੱਡੀ ਮੱਛੀ ਨੂੰ ਝਾੜੀਆਂ ਵਿੱਚ ਲੇਟਨੇ ਮਾਰਦੇ ਹੋਏ ਵੇਖਿਆ, ਅਤੇ ਮੈਂ ਉਸ ਦੇ ਵਲ ਜਾ ਰਿਹਾ ਸੀ। ਉਸ ਨੇ ਕਿਹਾ, “ਬੱਸ ਇੱਕ ਮਿਨਟ, ਭਾਈ ਬ੍ਰਾਨਹਾਮ, ਮੈਂ ਤੁਹਾਡੇ ਲਈ ਉਸ ਨੂੰ ਫੜਦਾ ਹਾਂ”। ਅਤੇ ਉਹ ਨੱਸ ਕੇ ਉਥੇ ਗਿਆ। ਅਤੇ ਮੈਂ ਇਸ ਨੂੰ ਬਾਹਰ ਖਿਚਿਆ ਸੀ, ਅੰਦਾਜਾ ਸੀ ਕਿ ਮੱਛੀ ਲਗਭਗ ਮਰ ਗਈ ਸੀ, ਪੱਤਿਆਂ ਉਪਰ ਪਈ ਹੋਈ ਸੀ। ਅਤੇ ਉਹ ਨੱਸ ਕੇ ਉਸ ਨੂੰ ਚੁੱਕਣ ਲਈ ਗਿਆ। ਅਤੇ ਜਦ ਉਸ ਨੇ ਉਸ ਨੂੰ ਚੁਕਿਆ ਤਾਂ ਉਸ ਨੇ ਇੱਕ ਚੀਕ ਮਾਰੀ ਅਤੇ ਉਹ ਵਾਪਸ ਆ ਗਿਆ। ਇੱਕ ਰੈਟਲਰ ਸੱਪ ਨੇ ਉਸ ਨੂੰ ਡੰਗ ਲਿਆ।

40 ਅਤੇ ਅਸੀਂ ਇਸ ਨੂੰ ਵੇਖਿਆ, ਅਤੇ ਉਸਦੇ ਪੈਰ ਵਿੱਚ ਸੱਪ ਦੇ ਦੰਦਾ ਦੇ ਨਿਸ਼ਾਨ ਸਨ ਜਿਥੇ ਰੈਟਲਰ ਸੱਪ ਨੇ ਉਸ ਨੂੰ ਡੰਗ ਮਾਰਿਆ ਸੀ, ਅਤੇ ਇਸ ਨਾਲ ਉਸ ਨੂੰ ਐਨੀ ਦਰਦ ਹੋ ਰਹੀ ਸੀ ਕਿ ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਕਿਹਾ ਕੀ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਦੀਆਂ ਹੱਡੀਆਂ

ਨੂੰ ਲਕਵਾ ਹੋ ਰਿਹਾ ਹੋਵੇ। ਅਤੇ ਅਸੀਂ ਉਥੇ ਇੱਕ ਬਹੁਤ ਦੂਰ ਦਲਦਲੀ ਇਲਾਕੇ ਵਿੱਚ ਸੀ। ਚੁੱਕ ਕੇ ਲਿਜਾਣ ਲਈ ਉਹ ਇੱਕ ਬਹੁਤ ਵੱਡਾ ਆਦਮੀ ਸੀ। ਅਤੇ ਜਦ ਇੱਕ ਸੱਪ ਤਹਾਨੂੰ ਡੰਗ ਲੈਂਦਾ ਹੈ ਤਾਂ ਤੁਸੀਂ ਕੁਝ ਹੀ ਮਿੰਟਾ ਵਿੱਚ ਐਨੇ ਬੀਮਾਰ ਹੋ ਜਾਂਦੇ ਹੋ ਕਿ ਲਗਭਗ ਮਰ ਜਾਂਦੇ ਹੋ।ਅਤੇ ਲੀਓ ਉਥੇ ਮੋਜੂਦ ਸੀ। ਅਤੇ ਮੇਰੇ ਮਨ ਵਿੱਚ ਕੁਝ ਆਇਆ, “ਤੂੰ ਅਜੇ ਵੀ ਪਰਮੇਸ਼ੁਰ ਹੈਂ!” ਅਤੇ ਜਦ ਉਸ ਨੇ ਆਪਣੇ ਪੈਰ ਨੂੰ ਫੜਿਆ ਹੋਇਆ ਸੀ ਅਤੇ ਇਸ ਨੂੰ ਦਬਾ ਰਿਹਾ ਸੀ ਅਤੇ ਉਨਾਂ ਦੋ ਸੱਪ ਦੇ ਦੰਦਾ ਦੇ ਵੱਡੇ ਨਿਸ਼ਾਨ ਜਿਥੇ ਉਸ ਰੈਟਲਰ ਸੱਪ ਨੇ ਉਸ ਨੂੰ ਡੰਗਿਆ ਸੀ, ਮੈਂ ਉਸ ਜਗਾ ਤੇ ਆਪਣੇ ਹਥਾਂ ਨੂੰ ਰਖਿਆ ਅਤੇ ਕਿਹਾ, “ਪ੍ਰਭੂ, ਤੇਰੇ ਵਚਨ ਵਿੱਚ ਇਹ ਲਿਖਿਆ ਹੈ, ‘ਉਹ ਸੱਪਾਂ ਅਤੇ ਠੂੰਹਿਆਂ ਨੂੰ ਲਿਤਾੜਣਗੇ ਅਤੇ ਕੋਈ ਵੀ ਚੀਜ ਉਹਨਾਂ ਦਾ ਨੁਕਸਾਨ ਨਾ ਕਰੇਗੀ’”। ਅਤੇ ਉਸੇ ਵੇਲੇ ਹੀ ਸਾਰੀ ਦਰਦ ਉਸਦੇ ਪੈਰ ਨੂੰ ਛੱਡ ਕੇ ਚਲੀ ਗਈ। ਉਸਨੇ ਆਪਣੇ ਬੂਟ ਪਹਿਣ ਲਏ ਅਤੇ ਸਾਰਾ ਦਿਨ ਮੱਛੀਆਂ ਫੜਦਾ ਰਿਹਾ।

41 ਉਹ ਉਸ ਰਾਤ ਅੰਦਰ ਗਿਆ ਅਤੇ ਉਹਨਾਂ ਨੂੰ ਇਸ ਬਾਰੇ ਦਸਿਆ, ਉਹਨਾਂ ਆਖਿਆ, “ਚੰਗਾ ਹੋਵੇਗਾ ਕਿ ਤੂੰ ਡਾਕਟਰ ਕੋਲ ਚਲਾ ਜਾਵੇਂ”।

42 ਉਸ ਨੇ ਕਿਹਾ, “ਜੇ ਪਰਮੇਸ਼ੁਰ ਨੇ ਮੈਨੂੰ ਹੁਣ ਤਕ ਬਚਾਇਆ ਹੈ ਤਾਂ ਉਹ ਬਾਕੀ ਰਹਿੰਦੇ ਮਾਰਗ ਵਿੱਚ ਵੀ ਮੇਰਾ ਖਿਆਲ ਰਖੇਗਾ”। ਅਸੀਂ ਤਿੰਨ ਦਿਨ ਮੱਛੀਆਂ ਫੜਦੇ ਰਹੇ ਸੀ, ਬਿਮਾਰੀ ਦਾ ਕੋਈ ਪ੍ਰਭਾਵ ਨਹੀਂ ਸੀ।

43 ਪਰਮੇਸ਼ੁਰ ਅਜੇ ਵੀ ਪਰਮੇਸ਼ੁਰ ਹੈ। ਉਹ ਹਰੇਕ ਵਾਅਦੇ ਨੂੰ ਪੂਰਾ ਕਰਦਾ ਹੈ। ਅਤੇ ਮੇਰੀ ਸਾਰੀ ਸੇਵਕਾਈ ਵਿੱਚ, ਇਹ ਪਹਿਲੀ ਵਾਰ ਸੀ ਜਦ ਮੈਂ ਪਰਮੇਸ਼ੁਰ ਨੂੰ ਸੱਪ ਦੇ ਡੰਗ ਲਈ ਆਉਂਦੇ ਵੇਖਿਆ ਹੈ, ਕਿਓਂਕਿ ਮੇਰੇ ਲਈ ਇਹ ਪਹਿਲੀ ਵਾਰ ਸੀ ਜੱਦ ਮੈਨੂੰ ਕਿਸੇ ਸੱਪ ਦੇ ਡੰਗੇ ਹੋਏ ਲਈ ਪ੍ਰਾਰਥਨਾ ਕਰਨ ਦਾ ਮੌਕਾ ਮਿਲਿਆ। ਬੱਸ ਉਹ ਤਹਾਨੂੰ ਇਹ ਦੱਸਦਾ ਹੈ ਕਿ ਉਹ ਆਪਣੇ ਹਰੇਕ ਵਾਅਦੇ ਨੂੰ ਪੂਰਾ ਕਰਦਾ ਹੈ, ਅਤੇ ਉਸਦੇ ਵਚਨ ਚੰਗੇ ਅਤੇ ਸੱਚੇ ਹਨ। ਆਮੀਨ।

44 ਅੱਜ ਰਾਤ ਦੀ ਸਭਾ ਅਤੇ ਆਉਣ ਵਾਲੇ ਬੁਧਵਾਰ ਦੀ ਸਭਾ ਨੂੰ ਯਾਦ ਰਖਣਾ। ਅਤੇ ਉਸ ਲਈ ਪ੍ਰਾਰਥਨਾ ਕਰੋ ਜਿਸ ਨੂੰ ਅਸਲ ਵਿੱਚ ਪ੍ਰਾਰਥਨਾ ਦੀ ਲੋੜ ਹੈ, ਉਹ ਮੈਂ ਹਾਂ। ਅਤੇ, ਯਾਦ ਰੱਖਣਾ, ਭਾਈ ਰੋਬਰਟਸ ਦੀਆਂ ਸਭਾਵਾਂ ਜੱਦ ਇਸ ਸ਼ਹਿਰ ਵਿੱਚ ਆਉਣ ਤਾਂ ਉਹਨਾਂ ਵਿੱਚ ਹਾਜ਼ਰ ਹੋਣਾ ਅਤੇ ਡੇਰੇ ਵਲੋਂ ਉਹਨਾਂ ਨੂੰ ਸ਼ੁਭਕਾਮਨਾਵਾਂ ਦੇਣਾ।

45 ਇਸ ਤੋਂ ਪਹਿਲਾਂ ਕਿ ਅਸੀਂ ਵਚਨਾਂ ਨੂੰ ਪੜ੍ਹੀਏ, ਮੈਂ—ਮੈਂ ਚਾਹੁੰਦਾ ਹਾਂ ਕਿ ਅਸੀਂ ਸਿਰਫ ਇੱਕ ਮਿਨਟ ਲਈ ਆਪਣੇ ਪੈਰਾਂ ਤੇ ਖੜੇ ਹੋਈਏ। ਅਤੇ, ਸੰਗੀਤ

ਤੋਂ ਬਿਨਾ, ਆਓ ਅਸੀਂ ਕਲੀਸਿਯਾ ਦੇ ਉਸ ਸ਼ਾਨਦਾਰ ਪੁਰਾਣੇ ਗੀਤ ਦੀਆਂ ਇੱਕ ਜਾਂ ਦੋ ਪੰਕਤੀਆਂ ਨੂੰ ਗਾਈਏ, "ਮੇਰਾ ਵਿਸ਼ਵਾਸ ਤੇਰੇ ਲਈ ਉਡੀਕਦਾ ਹੈ" । ਸਭ ਠੀਕ ਹੈ, ਆਓ ਹੁਣ ਸਾਰੇ ਮੇਰੇ ਨਾਲ ਮਿਲ ਕੇ ਇਸ ਨੂੰ ਗਾਓ। ਅਤੇ ਇਹ ਨਾ ਸੋਚੋ ਕਿ ਤੁਸੀਂ ਕਿਵੇਂ ਗਾ ਰਹੇ ਹੋ, ਸਿਰਫ ਪਰਮੇਸ਼ੁਰ ਦੀ ਮਹਿਮਾ ਲਈ ਗਾਓ । ਕੀ ਤੁਸੀਂ ਇਸ ਵਿੱਚ ਸਾਡੀ ਅਗਵਾਈ ਕਰੋਗੇ, ਭਾਈ ਨੇਵਿਲ?

ਮੇਰਾ ਵਿਸ਼ਵਾਸ ਤੇਰੇ ਵਲ ਵੇਖਦਾ ਹੈ,
ਕਲਵਰੀ ਦੇ ਲੇਲੇ,
ਨਿਰੰਕਾਰ ਮੁਕਤੀਦਾਤਾ,
ਹੁਣ ਮੈਂ ਜਦ ਪ੍ਰਾਰਥਨਾ ਕਰਦਾ ਹਾਂ ਤਾਂ ਮੇਰੀ ਸੁਣ ਲੈ,
ਮੇਰੇ ਸਾਰੇ ਅਪਰਾਧ ਦੂਰ ਲੈ ਜਾ,
ਔਹ ਅੱਜ ਇਸ ਦਿਨ ਤੋਂ ਮੈਂ
ਸੰਪੂਰਣ ਤੌਰ ਤੇ ਤੇਰਾ ਹੋ ਜਾਵਾਂ!

ਜਦਕਿ ਜੀਵਨ ਇੱਕ ਹਨੇਰੀ ਪਹੇਲੀ ਹੈ ਤੇ ਮੈਂ ਤੁਰਦਾ ਜਾਂਦਾ ਹਾਂ,
ਅਤੇ ਮੇਰੇ ਆਲੇ ਦੁਆਲੇ ਦੁਖ ਵਧਦਾ ਜਾਂਦਾ ਹੈ,
ਤੂੰ ਮੇਰਾ ਮਾਰਗਦਰਸ਼ਕ ਬਣ;
ਹਨੇਰੇ ਨੂੰ ਆਖ ਕਿ ਉਹ ਦਿਨ ਬਣ ਜਾਵੇ,
ਗਮ ਅਤੇ ਡਰ ਨੂੰ ਮਿਟਾ ਦੇ,
ਮੈਨੂੰ ਕਦੇ ਵੀ ਭਟਕਣ ਨਾ ਦੇ,
ਆਪਣੇ ਕੋਲੋਂ ।

46 ਆਪਣੇ ਝੁਕੇ ਹੋਏ ਸਿਰਾਂ ਨਾਲ, ਮੈਂ ਬਾਈਬਲ ਦੀਆਂ ਪਵਿੱਤਰ ਲਿਖਤਾਂ ਵਿਚੋਂ ਪੜਨਾ ਚਾਹੁੰਦਾ ਹਾਂ, ਸੰਤ ਮਤੀ, 7ਵਾਂ ਅਧਿਆਏ, ਉਸਦੀ 13ਵੀ ਅਤੇ 14ਵੀ ਆਇਤ । ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਜਦ ਅਸੀਂ ਇਸ ਨੂੰ ਪੜ੍ਹੀਏ ਤਾਂ ਪਰਮੇਸ਼ੁਰ ਆਪਣੀ ਵੱਡੀ ਆਸੀਸ਼ ਨੂੰ ਇਸ ਨਾਲ ਜੋੜ ਦਵੇ ।

*ਭੀੜੇ ਫਾਟਕ ਤੋਂ ਵੜੋ ਕਿਓਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁਲਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਤੇ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ:*

*ਕਿਓਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜਿਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ ।*

47 ਆਓ ਅਸੀਂ ਪ੍ਰਾਰਥਨਾ ਕਰੀਏ । ਹੇ ਪਰਮੇਸ਼ੁਰ, ਜੋ ਪ੍ਰਭੂ ਯਿਸੂ ਨੂੰ ਮੌਤ ਅਤੇ ਕਬਰ ਵਿਚੋਂ ਵਾਪਸ ਲੈ ਆਇਆ ਅਤੇ ਇਸ ਸਵੇਰ ਉਸ ਨੂੰ ਸਾਡੇ ਲਈ ਇੱਕ

ਜਿਉਂਦਾ ਬਲੀਦਾਨ ਕਰਕੇ ਪੇਸ਼ ਕੀਤਾ ਹੈ, ਅਸੀਂ ਨਮਰਤਾ ਪੂਰਵਕ ਆਪਣੇ ਜੀਵਨ ਨੂੰ ਨਵੇਂ ਸਿਰੇ ਤੋਂ ਤੈਨੂੰ ਸਮਰਪਿਤ ਕਰਦੇ ਹਾਂ, ਇਹ ਵਿਚਾਰਦੇ ਹੋਏ ਕਿ ਤੂੰ ਸਾਡਾ ਬਹੁਤ ਖਿਆਲ ਰਖੇਂਗਾ । ਜਦ ਅਸੀਂ ਪਾਪੀ ਹੀ ਸਾਂ, ਪਾਪਾਂ ਅਤੇ ਗੁਨਾਹਾਂ ਵਿੱਚ ਮਰੇ ਹੋਏ ਸੀ, ਤੂੰ ਆਪਣੇ ਇਕਲੌਤੇ ਪੁੱਤਰ ਨੂੰ ਭੇਜਿਆ, ਇੱਕ ਪਾਪੀ ਦੇਹ ਦੇ ਸਰੂਪ ਤੇ ਬਣਾਇਆ, ਤਾਂ ਜੋ ਸਾਡੇ ਪਾਪਾਂ ਦੇ ਲਈ ਪ੍ਰਾਸਚਿਤ ਬਣ ਸਕੇ, ਤਾਂ ਜੋ ਉਹ ਬੇਗੁਨਾਹ, ਪਾਪ ਦੇ ਲਈ ਕਸ਼ਟ ਸਹਿ ਕੇ, ਸਾਨੂੰ ਦੁਬਾਰਾ ਤੇਰੇ ਨਾਲ ਸੰਗਤੀ ਵਿਚ ਲਿਆ ਸਕੇ ।

48 ਅਤੇ, ਹੇ ਪਰਮੇਸ਼ੁਰ, ਜੇ ਇਸ ਸਵੇਰ ਸਾਡੇ ਵਿਚਕਾਰ ਕੋਈ ਪਾਪ ਹੈ, ਕੋਈ ਚੀਜ ਜਿਹੜੀ ਪਵਿੱਤਰ ਆਤਮਾ ਨੂੰ ਪਰਮੇਸ਼ੁਰ ਦੇ ਸੰਦੇਸ਼ ਨੂੰ ਸਾਡੇ ਹਰੇਕ ਦੇ ਹਿਰਦੇ ਵਿੱਚ ਲਿਆਉਣ ਤੋਂ ਰੋਕੇ, ਅਸੀਂ ਨਿਮਰਤਾਪੂਰਵਕ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਸਾਨੂੰ ਸਾਡੇ ਗੁਨਾਹਾਂ ਦੇ ਲਈ ਬਖ਼ਸ ਦੇ । ਸਾਨੂੰ ਪ੍ਰਭੂ ਯਿਸੂ ਦੇ ਲਹੂ ਨਾਲ ਸਾਫ਼ ਕਰ । ਜਿਸ ਨੇ...ਅਸੀਂ ਜਾਣਦੇ ਹਾਂ, ਅਸੀਂ ਆਪਣੇ ਆਪ ਵਿੱਚ ਕੁਝ ਵੀ ਨਹੀਂ ਹਾਂ, ਅਤੇ ਅਸੀਂ ਮਨ ਲੈਂਦੇ ਹਾਂ ਕਿ ਅਸੀਂ ਕੁਝ ਵੀ ਨਹੀਂ ਹਾਂ । ਪਰ ਤੂੰ ਪਵਿੱਤਰ ਹੈਂ, ਤੂੰ ਸੱਚਾ ਹੈਂ, ਤੂੰ ਹੀ ਧਰਮੀ ਹੈਂ, ਤੂੰ ਦਯਾ ਦਾ ਸੋਮਾ ਹੈਂ। ਅਤੇ ਸਾਡੀਆਂ ਪਸ਼ਚਾਤਾਪੀ ਰੂਹਾਂ, ਅੱਜ ਨਿਮਰਤਾਪੂਰਵਕ ਉਸ ਵਲ ਘਿਸਰ ਕੇ ਜਾਂਦੀਆਂ ਹਨ । ਜਿਸ ਤਰਾਂ ਹਾਲ ਹੀ ਵਿੱਚ ਇਕ ਗਵਾਹੀ ਆਈ ਹੈ, ਜਮਾਏਕਾ ਤੋਂ ਅਤੇ ਪਿਉਰਟੋ ਰਿਕੋ ਤੋਂ, ਅਤੇ ਜਿਥੇ ਤੂੰ ਅਜਿਹੇ ਮਹਾਨ ਕੰਮ ਕੀਤੇ ਹਨ, ਹੇ ਪਰਮੇਸ਼ੁਰ, ਇਹ ਉਸ ਨਿਆਈਂ ਦੇ ਆਉਣ ਦਾ ਨਿਸ਼ਾਨ ਹੈ ।

49 ਕਿਵੇਂ ਤੂੰ ਭਾਈ ਏਵਨਸ ਨੂੰ ਸੱਪ ਦੇ ਜਹਿਰੀਲੇ ਡੰਗ ਤੋਂ ਬਚਾਇਆ, ਕਿਓਂਕਿ ਉਹ ਇੱਕ ਵਿਸ਼ਵਾਸੀ ਸੀ, ਅਤੇ ਤੇਰੇ ਵਚਨ ਹਮੇਸ਼ਾ ਸੱਚੇ ਹਨ । ਹੁਣ, ਪ੍ਰਭੂ, ਅੱਜ ਸਵੇਰ ਸਾਨੂੰ ਮੌਤ ਦੇ ਡੰਗ ਤੋਂ ਛੁਡਾ, ਜਿਥੇ ਵੈਰੀ ਨੇ ਸਾਨੂੰ ਡੰਗਿਆ ਹੈ ਅਤੇ ਸਾਡੇ ਅੰਦਰ ਜਹਿਰ ਭਰ ਦਿਤਾ ਹੈ ।ਅੱਜ ਸਵੇਰ, ਤੇਰੀ ਚੰਗਾ ਕਰਨ ਵਾਲੀ ਮਲ੍ਹਮ, ਪ੍ਰਭੂ, ਸਾਡੀਆਂ ਰੂਹਾਂ ਨੂੰ ਤਰ-ਬਤਰ ਕਰ ਦਵੇ ਅਤੇ ਸਾਰੀ ਬੁਰਾਈ ਤੋਂ ਸਾਨੂੰ ਸਾਫ਼ ਕਰੇ ।ਭੌਤਿਕ ਸ਼ਰੀਰਾਂ ਨੂੰਬਿਮਾਰੀਆਂ ਤੋਂ ਚੰਗਾ ਕਰ ਜਿਹੜੇ ਵੈਰੀ ਦੀਆਂ ਸ਼ਕਤੀਆਂ ਨਾਲ ਟੁੱਟ ਗਏ ਹਨ । ਉਹ ਸਾਰੇ ਜਿਹੜੇ ਈਸ਼ਵਰੀ ਹਜੂਰੀ ਵਿੱਚ ਹਨ, ਇਹ ਹੋ ਜਾਵੇ ਕਿ ਉਹ ਚੰਗੇ ਹੋ ਜਾਣ ।

50 ਹੁਣ ਸਾਡੇ ਨਾਲ ਆਪਣੇ ਲਿਖਿਤ ਵਚਨ ਦੁਆਰਾ ਬੋਲ, ਪ੍ਰਭੂ । ਮੈਂ ਇਹ ਨਹੀਂ ਜਾਣਦਾ ਕਿ ਕੀ ਬੋਲਣਾ ਹੈ, ਪਰ ਤੂੰ ਇਹ ਮੁਹੱਈਆ ਕਰੇਂਗਾ । ਅਤੇ ਤੂੰ ਸਾਨੂੰ ਚੇਤਾਵਨੀ ਦੇ, ਪ੍ਰਭ, ਅਤੇ ਸਾਨੂੰ ਆਪਣੀ ਆਮਦ ਦੇ ਲਈ ਤਿਆਰ ਕਰ । ਕਿਓਂਕਿ ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

51 ਮੈਂ ਹਮੇਸ਼ਾ ਥੋੜਾ ਜਿਹਾ ਜਿਆਦਾ ਸਮਾਂ ਲੈਂਦਾ ਹਾਂ, ਕਿਓਂਕਿ ਹੁਣ ਮੈਂ ਉਡੀਕ ਕੀਤੀ ਹੈ। ਅਤੇ ਮੇਰਾ ਅੰਦਾਜਾ ਹੈ ਕਿ ਐਤਵਾਰ ਸਕੂਲ ਹੋਵੇਗਾ। ਪਰ ਅਜਿਹੀ ਕੋਈ ਗਲ ਹੈ, ਜਦ ਮੈਂ ਘਰ ਆਉਂਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਮੇਰੇ ਕੋਲ ਬਹੁਤ ਸਾਰਾ ਸਮਾਂ ਹੈ। ਤੁਸੀਂ ਜਾਣਦੇ ਹੋ, ਅਸੀਂ ਹਮੇਸ਼ਾ ਕਾਹਲੀ ਵਿੱਚ ਹੁੰਦੇ ਹਾਂ, ਖੈਰ। ਇਸ ਲਈ, ਅਸੀਂ ਬੱਸ ਪਰਮੇਸ਼ੁਰ ਤੇ ਵਿਸ਼ਵਾਸ ਕਰਾਂਗੇ।

52 ਸਾਡਾ ਪ੍ਰਭੁ ਆਪਣੀ ਪੀੜ੍ਹੀ ਦੇ ਲੋਕਾਂ ਨੂੰ ਇਹ ਸਖਤ ਚੇਤਾਵਨੀ ਦੇ ਰਿਹਾ ਸੀ, ਉਹ ਲੋਕਾਂ ਨੂੰ ਜਿਹੜੇ ਬਹੁਤ ਧਾਰਮਿਕ ਸਨ। ਤੇ ਉਸਨੇ ਕਿਹਾ, “ਕਿਓਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜਿਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ”। ਹੁਣ, ਇਹ ਇਸ ਕਰਕੇ ਨਹੀਂ ਸੀ ਕਿ ਉਹ ਧਾਰਮਿਕ ਨਹੀਂ ਸਨ। ਉਹ ਬਹੁਤ ਜਿਆਦਾ ਧਾਰਮਿਕ ਸਨ। ਅਤੇ ਕਿਓਂਕਿ ਉਹਨਾਂ ਨੇ ਕਲੀਸਿਯਾ ਅਤੇ ਕੁਝ ਸਿਧਾਂਤਾਂ ਅਤੇ ਕੁਝ ਫਿਰਕਾਪ੍ਰਸਤ ਕਲੀਸਿਯਾਵਾਂ ਤੇ ਭਰੋਸਾ ਕੀਤਾ ਸੀ, ਅਤੇ (ਕਿਸੇ ਹੱਦ ਤਕ) ਪਰਮੇਸ਼ੁਰ ਤੇ ਵਿਸ਼ਵਾਸ ਕੀਤਾ ਸੀ, ਉਹਨਾਂ ਸੋਚਿਆ ਕਿ ਸਭ ਕੁਝ ਠੀਕ ਸੀ। ਪਰ ਉਹ ਉਹਨਾਂ ਨੂੰ ਦੱਸ ਰਿਹਾ ਸੀ ਕਿ ਉਹ ਵਿਰਲੇ ਹੀ ਅੰਦਰ ਪ੍ਰਵੇਸ਼ ਕਰਣਗੇ।

53 ਅਤੇ ਅੱਜ ਸਵੇਰੇ ਮੈਂ ਸੋਚ ਰਿਹਾ ਸੀ ਕਿ ਕੀ ਮੈਂ ਉਸ ਪੀੜ੍ਹੀ ਦੀ ਤੁਲਣਾ ਇਸ ਪੀੜ੍ਹੀ ਨਾਲ ਕਰ ਸਕਦਾ ਹਾਂ।ਵੇਖੋ, ਇਹ ਯਹੂਦੀਆਂ ਦੇ ਕਾਲ ਦਾ ਅੰਤ ਸੀ, ਅਤੇ ਉਹ ਬੀਤੇ ਹੋਏ ਕਾਲਾਂ ਵਲ ਵੱਖ ਵੱਖ ਕਾਲਾਂ ਦੇ ਵਖਰੇ ਵਖਰੇ ਅੰਤਾਂ ਦਾ ਹਵਾਲਾ ਦੇ ਰਿਹਾ ਸੀ, ਅਤੇ ਉਹਨਾਂ ਨੂੰ ਇਹ ਦਸ ਰਿਹਾ ਸੀ ਕਿ ਉਹੀ ਚੀਜਾਂ ਜੋ ਪਿਛਲੇ ਕਾਲਾਂ ਵਿੱਚ ਹੋਈਆਂ, ਉਹੀ ਉਹਨਾਂ ਦੇ ਸਾਹਮਣੇ ਹੋ ਰਹੀਆਂ ਸਨ। ਪਰ ਉਹ ਇਸ ਨੂੰ ਪਛਾਣ ਨਾ ਸਕੇ। ਅਤੇ ਆਓ ਉਹਨਾਂ ਕੁਝ ਚੀਜਾਂ ਨੂੰ ਵੇਖਦੇ ਹਾਂ ਜਿਹਨਾਂ ਬਾਰੇ ਉਹ ਬੋਲ ਰਿਹਾ ਸੀ।

54 ਉਹ, ਇੱਕ ਉਦਾਹਰਣ ਲਈ, ਇਹ ਵਿਸ਼ਵਾਸ ਨਾ ਕਰ ਸਕੇ ਕਿ ਪਰਮੇਸ਼ੁਰ ਉਸ ਮਨੁੱਖ ਦੇ ਅੰਦਰ ਸੀ। ਇਹ ਸਭ ਤੋਂ ਵੱਡੀ ਰੁਕਾਵਟ ਸੀ ਜਿਹੜੀ ਉਹਨਾਂ ਨੇ ਪਾਰ ਕਰਨੀ ਸੀ, ਕਿ ਕਿਵੇਂ ਉਸਨੇ ਇੱਕ ਮਨੁੱਖ ਹੁੰਦੇ ਹੋਏ ਆਪਣੇ ਆਪ ਨੂੰ ਪਰਮੇਸ਼ੁਰ ਬਣਾ ਲਿਆ। ਉਹ ਇਹ ਨਹੀਂ ਵੇਖ ਸਕੇ ਕਿ ਕਿਵੇਂ ਪਰਮੇਸੁਰ ਇੱਕ ਮਨੁੱਖੀ ਦੇਹ ਵਿੱਚ ਵਾਸ ਕਰ ਸਕਦਾ ਸੀ। ਅਤੇ ਸਾਰੇ ਯੁੱਗਾਂ ਵਿੱਚ, ਸਾਰੇ ਸਮਿਆਂ ਵਿੱਚ, ਪਰਮੇਸ਼ੁਰ ਨੇ ਹਮੇਸ਼ਾ ਮਨੁੱਖ ਅੰਦਰ ਵਾਸ ਕੀਤਾ ਹੈ। ਮਨੁੱਖ ਪਰਮੇਸ਼ੁਰ ਦਾ ਮੁਖ਼ਤਿਆਰ ਹੈ। ਹਰੇਕ ਪੀੜ੍ਹੀ ਅੰਦਰ, ਪਰਮੇਸ਼ੁਰ ਮੁਨੱਖੀ ਬੁੱਲ੍ਹਾਂ ਦੁਆਰਾ ਆਪਣੇ ਲੋਕਾਂ ਨਾਲ ਬੋਲਦਾ ਹੈ। ਉਹ ਹਮੇਸ਼ਾ ਕਿਸੇ ਵਿਅਕਤੀ ਨੂੰ ਜਾਂ ਕਿਸੇ ਚੀਜ ਨੂੰ ਚੁਣਦਾ ਹੈ ਜਿਸ ਨੂੰ ਉਹ ਇਸਤੇਮਾਲ ਕਰ ਸਕੇ।

55 ਅਤੇ ਜਦ ਉਸ ਨੇ ਉਹਨਾਂ ਨੂੰ ਅਬਰਾਹਾਮ ਦਾ ਹਵਾਲਾ ਦੇ ਕੇ ਦੱਸਿਆ ਕਿ ਉਹ ਠੋਕਰ ਦਾ ਕਾਰਨ ਸਨ। ਉਸਨੇ ਕਿਹਾ, "ਜੇ ਤੁਸੀਂ ਆਪਣੇ ਆਪ ਨੂੰ 'ਅਬਰਾਹਾਮ ਦੀ ਸੰਤਾਨ', ਅਬਰਾਹਾਮ ਨੂੰ ਆਪਣਾ 'ਪਿਤਾ' ਆਖਦੇ ਹੋ, ਉਸਨੇ ਮੇਰੇ ਦਿਨ ਨੂੰ ਵੇਖਿਆ ਅਤੇ ਇਸ ਨੂੰ ਵੇਖ ਕੇ ਪ੍ਰਸੰਨ ਹੋਇਆ। ਅਬਰਾਹਾਮ, ਇਕ ਨਬੀ" ।ਅਤੇ ਕੋਈ ਸ਼ੱਕ ਨਹੀਂ ਕਿ ਯਿਸੂ ਉਹਨਾਂ ਨੂੰ ਇਸ਼ਾਰਾ ਦੇ ਰਿਹਾ ਸੀ ਕਿ ਉਸਨੇ ਉਹਨਾਂ ਨੂੰ ਇਹ ਪ੍ਰਮਾਣ ਦੇ ਦਿਤਾ ਹੈ ਕਿ ਉਹ ਮਸੀਹਾ ਹੈ, ਕਿਓਂਕਿ ਮਸੀਹਾ ਦੇ ਨਿਸ਼ਾਨ ਉਸਦੇ ਨਾਲ ਸਨ। ਅਤੇ ਹਰੇਕ ਪੀੜ੍ਹੀ ਵਿੱਚ ਇਹ ਇਸੇ ਤਰਾਂ ਰਿਹਾ ਹੈ, ਉਹ, ਮਸੀਹਾ ਦਾ ਨਿਸ਼ਾਨ। ਪਰ ਫਿਰ ਵੀ ਆਪਣੇ ਆਪ ਨੂੰ ਪਰਮੇਸ਼ੁਰ ਅਤੇ ਮਸੀਹਾ ਬਣਾਉਣਾ, ਇਸ ਨਾਲ ਉਹਨਾਂ ਨੂੰ ਠੋਕਰ ਲਗੀ। ਉਹ ਇਸ ਨੂੰ ਨਹੀਂ ਸਮਝ ਸਕੇ।

56 ਹੁਣ, ਜੱਦ ਅਬਰਾਹਾਮ (ਜਿਸ ਨੂੰ ਉਹ ਆਪਣਾ ਪਿਤਾ ਆਖਦੇ ਸਨ) ਪਰਮੇਸ਼ੁਰ ਨੂੰ ਮਿਲਿਆ, ਉਹ ਵੀ ਮਨੁੱਖੀ ਸ਼ਰੀਰ ਦੇ ਅੰਦਰ ਸੀ, ਕਿਓਂਕਿ ਉਸਨੇ ਅਬਰਾਹਾਮ ਦੇ ਸਾਹਮਣੇ ਇੱਕ ਵੱਛੇ ਦਾ ਮਾਸ ਖਾਧਾ, ਮੱਕੀ ਦੀ ਰੋਟੀ ਖਾਧੀ (ਅਤੇ ਦੁੱਧ ਪੀਤਾ) ਅਤੇ ਮੱਖਣ ਅਤੇ ਫਿਰ ਵੀ ਉਹ ਪਰਮੇਸ਼ੁਰ ਸੀ। ਅਬਰਾਹਾਮ ਨੇ ਉਸ ਨੂੰ ਪਛਾਣ ਲਿਆ, ਪਰਮੇਸ਼ੁਰ, ਅਤੇ ਉਸ ਨੂੰ "ਏਲੋਹੀਮ" ਆਖ ਕੇ ਬੁਲਾਇਆ, ਜਿਹੜਾ ਸਰਬ-ਸ਼ਕਤੀਮਾਨ ਯਹੋਵਾਹ ਸੀ। ਇੱਕ ਮਨੁੱਖ ਜਿਸਨੇ ਕਪੜੇ ਪਹਿਨੇ ਹੋਏ ਸਨ, ਉਸਦੇ ਸ਼ਰੀਰ ਤੇ ਧੂੜ ਪਈ ਹੋਈ ਸੀ, ਅਤੇ ਇੱਕ ਰੁੱਖ ਦੇ ਹੇਠ ਛਾਂ ਲਈ ਬੈਠ ਗਿਆ, ਅਤੇ ਮਾਸ ਖਾਧਾ ਅਤੇ ਦੁੱਧ ਪੀਤਾ। ਫਿਰ ਵੀ ਉਹ ਠੰਡੇ, ਬੇਰਹਿਮ-ਦਿਲ, ਸਵਾਰਥੀ, ਧਰਮੀ ਯਹੂਦੀ ਇਹ ਵਿਸ਼ਵਾਸ ਨਾ ਕਰ ਸਕੇ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ, ਪਰ ਅਬਰਾਹਾਮ ਨੂੰ ਆਪਣਾ ਪਿਤਾ ਆਖਦੇ ਸਨ। ਅਤੇ ਉਹ ਉਹਨਾਂ ਨੂੰ ਇਹ ਦੱਸ ਰਿਹਾ ਸੀ ਕਿ ਉਹ ਆਪਣੀ ਦੇਹ ਵਿੱਚ ਉਹੀ ਕੰਮ ਕਰ ਰਿਹਾ ਸੀ, ਜਿਹੜੇ ਪਰਮੇਸ਼ੁਰ ਨੇ ਉਸ ਸਮੇਂ ਕਿਸੇ ਹੋਰ ਸ਼ਰੀਰ ਵਿੱਚ ਕੀਤੇ ਸਨ ਜਦ ਉਹ ਉਹਨਾਂ ਦੇ ਪਿਤਾ ਅਬਰਾਹਾਮ ਨਾਲ ਮਿਲਿਆ ਸੀ। ਅਤੇ ਅਬਰਾਹਾਮ ਨੇ ਇਸ ਤੇ ਨਿਹਚਾ ਕੀਤੀ। ਅਤੇ ਉਹ ਇਸ ਤੇ ਵਿਸ਼ਵਾਸ ਨਾ ਕਰ ਸਕੇ।

57 ਤੁਸੀਂ ਵੇਖਿਆ, ਜਦ ਅਬਰਾਹਾਮ ਆਪਣੇ ਤੰਬੂ ਹੇਠ ਬੈਠਾ ਹੋਇਆ ਸੀ ਕਿਓਂਕਿ ਉਸਨੇ ਇੱਕ ਚੋਣ ਕੀਤੀ ਸੀ, ਅਤੇ ਇਹੀ ਚੋਣ ਉਸ ਹਰੇਕ ਸਖਸ ਦੇ ਅਗੇ ਲਿਆਂਦੀ ਜਾਂਦੀ ਹੈ ਜਿਹੜਾ ਇਸ ਸੰਸਾਰ ਵਿੱਚ ਜਨਮਿਆ ਹੈ ।ਭਲਾਈ ਅਤੇ ਬੁਰਿਆਈ ਦਾ ਰੁੱਖ ਹਰੇਕ ਸ਼ਖਸ ਅਗੇ ਰਖਿਆ ਜਾਂਦਾ ਹੈ ।ਅਤੇ ਜਦ ਉਸਦਾ ਭਤੀਜਾ, ਲੂਤ ਅਤੇ ਉਹਨਾਂ ਦੇ ਚਰਵਾਹੇ, ਜਮੀਨਾਂ ਦੇ ਲਈ ਝਗੜਾ ਕਰਣ ਲਗੇ; ਅਬਰਾਹਾਮ ਨੇ ਇੱਕ ਧਰਮੀ ਮਨੁੱਖ ਹੋਣ ਕਰਕੇ ਕਿਹਾ, "ਸਾਡੇ ਵਿਚਕਾਰ ਕੋਈ ਝਗੜਾ ਨਾ ਹੋਵੇ। ਤੁਸੀਂ ਬੱਸ ਆਪਣਾ ਰਾਹ ਚੁਣ ਲਵੋ"।

ਇਹ ਸਥਿਤੀ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਆਉਂਦੀ ਹੈ । ਅਤੇ ਅੱਜ ਸਵੇਰੇ ਇਹ ਤੁਹਾਡੇ ਸਾਹਮਣੇ ਹੈ, ਅਤੇ ਇਹ ਮੇਰੇ ਸਾਹਮਣੇ ਵੀ ਹੈ ।

58 ਲੂਤ ਨੇ ਇਹ ਨਹੀਂ ਸੋਚਿਆ ਕਿ ਉਹ ਡਿੱਗ ਜਾਵੇਗਾ, ਪਰ ਉਹ ਸਦੂਮ ਵਲ ਵੇਖਦਾ ਹੋਇਆ ਚਲ ਪਿਆ ਜਿਥੇ ਚੀਜਾਂ ਬਹੁਤ ਸੁਖਾਲੀਆਂ ਸਨ । ਅਤੇ ਬਹੁਤ ਵਾਰ ਅਸੀਂ ਸੌਖੇ ਮਾਰਗ ਵਲ ਵੇਖਦੇ ਹਾਂ । "ਮੈਂ ਇੱਸ ਫਲਾਣੀ-ਫਲਾਣੀ ਕਲੀਸਿਯਾ ਵਿੱਚ ਸ਼ਾਮਲ ਹੋ ਜਾਵਾਂਗਾ, ਅਤੇ, ਤੁਸੀਂ ਵੇਖਿਆ, ਕੋਈ ਵੀ ਇਸਦੇ ਵਿਰੁਧ ਕੁਝ ਨਹੀਂ ਆਖੇਗਾ, ਕਿਉਂਕਿ ਇਹ ਸ਼ਹਿਰ ਦੀ ਸਭ ਤੋਂ ਵੱਡੀ ਕਲੀਸਿਯਾ ਹੈ" । ਇੱਕ ਸੌਖਾ ਰਸਤਾ! ਬਹੁਤ ਵਾਰ ਅਸੀਂ ਇੰਝ ਕਰਦੇ ਹਾਂ, ਜੱਦ, ਅਸੀਂ ਗਲਤ ਹੁੰਦੇ ਹਾਂ!

59 ਯਾਦ ਰਖੋ, ਜੇ ਤੁਸੀਂ ਮਸੀਹ ਦੇ ਪਿੱਛੇ ਚਲੋਗੇ, ਤਾਂ ਲੋਕ ਤੁਹਾਡੇ ਨਾਲ ਨਫ਼ਰਤ ਕਰਣਗੇ, ਕਿਉਂਕਿ ਉਹ ਸਾਰੇ ਜਿਹੜੇ ਮਸੀਹ ਯਿਸੂ ਵਿੱਚ ਪਵਿੱਤਰਤਾਈ ਨਾਲ ਜਿਉਂਦੇ ਹਨ ਸੋ ਸਤਾਏ ਜਾਣਗੇ । ਅਤੇ ਜੇ ਤੁਸੀਂ ਮਸੀਹ ਕੋਲ ਆਉਂਦੇ ਹੋ, ਤਾਂ ਤੁਸੀਂ ਕਿਸੇ ਕਲੀਸਿਯਾ ਜਾਂ ਫਿਰਕਾਪ੍ਰਸਤੀ ਜਾਂ ਕਿਸੇ ਸਿਧਾਂਤਾਂ ਦੁਆਰਾ ਨਹੀਂ ਆਉਂਦੇ ਹੋ । ਤੁਸੀਂ ਲਹੂ ਦੁਆਰਾ ਆਓਗੇ, ਅੰਦਰ ਆਉਣ ਦਾ ਸਿਰਫ ਇਹੀ ਇੱਕ ਮਾਰਗ ਹੈ । ਅਤੇ ਤੁਸੀਂ ਆਪਣੇ ਨਾਲ ਕਿਸੇ ਨੂੰ ਨਹੀਂ ਲਿਆ ਸਕਦੇ, ਤੁਸੀਂ ਇੱਕਲੇ ਆਓਗੇ ਅਤੇ ਆਪਣੇ ਇਕਰਾਰਅਤੇ ਆਪਣੇ ਵਿਸ਼ਵਾਸ ਉੱਤੇ ਖੜੇ ਰਹੋਗੇ । ਤੁਸੀਂ ਪਾਸਟਰ ਜਾਂ ਆਪਣੀ ਮਾਂ ਦੇ ਵਿਸ਼ਵਾਸ ਦੀ ਸਵਾਰੀ ਕਰਕੇ ਅੰਦਰ ਨਹੀਂ ਆ ਸਕਦੇ । ਜਦ ਤੁਸੀਂ ਪਰਮੇਸ਼ੁਰ ਕੋਲ ਆਉਂਦੇ ਹੋ ਤਾਂ ਤੁਸੀਂ ਇੱਕਲੇ ਵਿਅਕਤੀ ਦੇ ਰੂਪ ਵਿੱਚ ਆਵੋਗੇ! ਅਤੇ ਬਹੁਤ ਵਾਰ ਅਸੀਂ ਮੂਰਖਤਾਪੂਰਣ ਚੋਣਾਂ ਕਰਦੇ ਹਾਂ ।

60 ਕੀ ਹੁੰਦਾ ਜੇ ਲੂਤ, ਜਦ ਉਸਨੇ ਸਭ ਕੁਝ ਆਸਾਨ ਵੇਖਿਆ…? ਉਹ ਉਸ ਪਾਸੇ ਵੇਖ ਰਿਹਾ ਸੀ ਜਿਥੇ ਜਿਆਦਾ ਧੰਨ ਅਤੇ ਜਿਆਦਾ ਪ੍ਰਸਿੱਧੀ ਸੀ, ਕਿਉਂਕਿ ਉਹ ਇੱਕ ਅਜਨਬੀ ਹੋਵੇਗਾ, ਅਤੇ ਇੱਕ ਹੁਸ਼ਿਆਰ, ਪੜਿਆ ਲਿਖਿਆ ਵਿਅਕਤੀ, ਬਹੁਤ ਸਾਰਾ ਮਨੋਵਿਗਿਆਨ, ਅਤੇ ਉਹ ਕੁਝ ਖਾਸ ਕੰਮ ਕਰ ਸਕਦਾ ਸੀ ਅਤੇ ਤਦ ਵੀ ਆਪਣੇ ਧਰਮ ਨੂੰ ਕਾਇਮ ਰੱਖ ਸਕਦਾ ਸੀ । ਉਸ ਨੇ ਸੋਚਿਆ, "ਮੈਂ ਪਰਮੇਸ਼ੁਰ ਤੇ ਵਿਸ਼ਵਾਸ ਰਖਦਾ ਹਾਂ, ਇਸ ਲਈ ਮੈਂ ਸਦੂਮ ਵਿੱਚ ਜਾਵਾਂਗਾ ਅਤੇ ਮੈਂ—ਮੈਂ ਕੁਝ ਵਾਧੂ ਪੈਸਾ ਕਮਾਵਾਂਗਾ, ਅਤੇ ਮੈਂ ਇੱਕ ਮਹਾਨ ਵਿਅਕਤੀ ਬਣ ਜਾਵਾਂਗਾ, ਸ਼ਾਇਦ ਇੱਕ ਸ਼ਾਨਦਾਰ ਪ੍ਰਚਾਰਕ" । ਵੇਖਿਆ, ਤੁਹਾਨੂੰ ਇੱਕ ਚੋਣ ਕਰਨੀ ਪੈਣੀ ਹੈ ।

61 ਅਤੇ ਆਮ ਜਨਤਾ ਕੋਲ ਕਰਣ ਲਈ ਇੱਕ ਚੋਣ ਹੈ । "ਮੈਂ ਉਸ ਜਗਾ ਤੇ ਇੱਕ ਫਲਾਣੀ ਫਲਾਣੀ ਕਲੀਸਿਯਾ ਵਿੱਚ ਜਾਵਾਂਗਾ । ਔਹ, ਸ਼ਹਿਰ ਵਿੱਚ

ਹਰ ਕੋਈ ਸੋਚਦਾ ਹੈ ਕਿ ਇਹ ਸਭ ਤੋਂ ਵਧੀਆ ਹੈ! ਕਿਓਂ, ਕਿਓਂਕਿ ਸ਼ਹਿਰ ਦਾ ਵਿਧਾਇਕ ਇਸ ਕਲੀਸਿਯਾਨਾਲ ਸਬੰਧਿਤ ਹੈ" । ਹੁਣ, ਹੋ ਸਕਦਾ ਹੈ ਕਿ ਉਹ ਉਸ ਕਲੀਸਿਯਾ ਨਾਲ ਸਬੰਧ ਰਖਦਾ ਹੋਵੇ ਜਿਹੜੀ ਬਹੁਤ ਵਧੀਆ ਹੈ, ਪਰ ਫਿਰ ਵੀ ਤੁਹਾਨੂੰ ਉਸ ਕਲੀਸਿਯਾ ਅਤੇ ਉਸਦੇ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਦੁਆਰਾ ਪਰਖਣਾ ਹੈ । ਕਈ ਵਾਰ ਤਾਂ ਉਹ ਇਸ ਲਈ ਜਾਂਦੇ ਹਨ ਕਿਓਂਕਿ ਇਹ ਇਕ ਮਸ਼ਹੂਰ ਰਸਤਾ ਹੈ, ਜਿਹੜੇ ਲੋਕ ਉਥੇ ਜਾਂਦੇ ਹਨ ਉਹ ਵਧੀਆ ਕਪੜੇ ਪਹਿਨਣਦੇ ਹਨ । ਅਤੇ ਉਥੇ ਹੀ ਅਸੀਂ ਇਕ ਘਾਤਕ ਗਲਤੀ ਕਰ ਬੈਠਦੇ ਹਾਂ ।

62 ਅਤੇ ਅਬਰਾਹਾਮ, ਉਹ ਕੇਵਲ ਦੂਸਰੀ ਚੋਣ ਨੂੰ ਹੀ ਚੁਣ ਸਕਦਾ ਸੀ । ਅਤੇ ਕਈ ਵਾਰ ਦੂਸਰੀ ਚੋਣ ਪਹਿਲੀ ਨਾਲੋਂ ਵਧੀਆ ਹੁੰਦੀ ਹੈ, ਜੇ ਉਸ ਨੂੰ ਉਸ ਤਰੀਕੇ ਨਾਲ ਲਿਆ ਜਾਵੇ । ਧਿਆਨ ਦਿਓ, ਜਿਆਦਾ ਚਿਰ ਨਹੀਂ ਹੋਇਆ ਸੀ, ਜਦ ਲੂਤ ਨੇ ਵੱਡੇ ਸ਼ਹਿਰ ਨੂੰ ਵੇਖਿਆ, ਤਾਂ ਉਸ ਨੇ ਆਪਣੀ ਪਤਨੀ ਨੂੰ ਇੱਕ ਲੂਣ ਦਾ ਖੰਭਾ ਬਣਦੀ ਹੋਈ ਨਾ ਵੇਖਿਆ, ਉਸ ਨੇ ਸ਼ਹਿਰ ਨੂੰ ਅੱਗ ਨਾਲ ਬਲਦੇ ਹੋਏ ਨਾ ਵੇਖਿਆ । ਪਰ ਅਬਰਾਹਾਮ ਨੇ ਆਪਣਾ ਰਾਹ ਪ੍ਰਭੂ ਦੇ ਥੋੜੇ ਜਿਹੇ ਬੇਪਤ ਲੋਕਾਂ ਨਾਲ ਚੁਣ ਲਿਆ । ਉਹ ਉਜਾੜ ਵਿੱਚ ਰੁਕਿਆ ਰਿਹਾ ।

63 ਅਤੇ, ਫਿਰ, ਕੀ ਹੁੰਦਾ ਜੇ ਸਾਰਾਹ ਨੇ ਕਿਹਾ ਹੁੰਦਾ...ਹੁਣ ਯਾਦ ਕਰੋ, ਸਾਰਾਹ ਪੂਰੇ ਦੇਸ਼ ਵਿੱਚ ਸਭ ਤੋਂ ਸੋਹਣੀਔਰਤ ਸੀ । ਅਤੇ ਸਾਰਾਹ ਜਿਹੀ ਸੋਹਣੀ ਹੋਰ ਕੋਈ ਔਰਤ ਨਹੀਂ ਸੀ । ਹਰ ਕੋਈ, ਜੋ ਉਸ ਨੂੰ ਵੇਖਦਾ ਸੀ, ਉਸ ਨੂੰ ਸਾਰਾਹ ਨਾਲ ਪਿਆਰ ਹੋ ਜਾਂਦਾ ਸੀ । ਹੁਣ, ਸਾਰਾਹ ਲਈ ਉਸ ਤਰਾਂ ਦੀ ਚੋਣ ਕਰਨੀ ਕਿੰਨੀ ਆਸਾਨ ਰਹੀ ਹੋਵੇਗੀ । ਪਰ ਉਸ ਨੇ ਚੋਣ ਕੀਤੀ ਕਿ ਉਹ ਅਬਰਾਹਾਮ ਨਾਲ ਰਹੇਗੀ।

64 ਔਹ, ਔਰਤੋ, ਸ਼ਤਾਨ ਨੂੰ ਤਹਾਨੂੰ ਅੰਨ੍ਹੀਆਂ ਨਾ ਕਰਣ ਦਿਓ, ਮਸ਼ਹੂਰ ਬਣਨਾ ਜਾਂ *ਇਹ* ਜਾਂ *ਉਹ* ਚੀਜ ਵਿੱਚ ਸ਼ਾਮਲ ਹੋਣ ਦੁਆਰਾ। ਤੁਸੀਂ ਮਸੀਹ ਨਾਲ ਰੁਕੇ ਰਹੋ! ਕਿਓਂਕਿ ਉਹ ਘੜੀ ਨਜਦੀਕ ਹੈ, ਇਸ ਦੇਸ ਦੇ ਲਈ ਸਦੂਮ ਅਤੇ ਅਮੂਰਾ ਨਾਲੋਂ ਵੀ ਭਿਆਨਕ, ਵੱਡੀਆਂ ਤਬਾਹੀਆਂ ਆਉਣ ਵਾਲੀਆਂ ਹਨ । ਸਦੂਮ ਅਤੇ ਅਮੂਰਾ ਇਸ ਦੇ ਨਾਲ ਜੋੜੇ ਜਾਣਗੇ ।

65 ਹੁਣ, ਅਬਰਾਹਾਮ ਨੇ ਉਹ ਰਾਹ ਲਿਆ ਜਿਹੜਾ ਪਰਮੇਸ਼ੁਰ ਦੁਆਰਾ ਉਸ ਨੂੰ ਦਿਤਾ ਗਿਆ ਸੀ, ਅਤੇ ਉਸ ਕੋਲ ਥੋੜੀ ਜਿਹੀ ਜਮੀਨ ਸੀ, ਉਹ ਖੁਸ਼ਹਾਲ ਨਹੀਂ ਸੀ । ਪਰ ਫਿਰ ਵੀ ਉਹ ਇਕ ਚੀਜ ਜਾਣਦਾ ਸੀ, ਕਿ ਉਹ ਪਰਮੇਸ਼ੁਰ ਦੀ ਸੇਵਾ ਕਰਦਾ ਸੀ ਅਤੇ ਉਸ ਤੇ ਨਿਹਚਾ ਕਰਦਾ ਸੀ ।

66 ਸੋ ਇੱਕ ਦਿਨ ਉਸ ਜਗਾ ਤੇ ਤਿੰਨ ਮਨੁੱਖ ਆਏ, ਅਤੇ ਉਹ ਸਾਰੇ ਧੂੜ ਨਾਲ ਭਰੇ ਹੋਏ ਅਤੇ ਥੱਕੇ ਹੋਏ ਸਨ, ਅਤੇ ਅਬਰਾਹਾਮ ਨੂੰ ਉਹਨਾਂ ਤੇ ਤਰਸ ਆਇਆ, ਉਸ ਨੇ ਕਿਹਾ, "ਕੇਵਲ ਥੋੜੇ ਚਿਰ ਲਈ ਆਓ ਅਤੇ ਬਲੂਤ ਦੇ ਰੁੱਖ ਹੇਠ ਬੈਠ ਜਾਓ" । ਅਤੇ ਜਦ ਉਹ ਉਥੇ ਖਲੋਤਾ ਉਹਨਾਂ ਨਾਲ ਗਲਾਂ ਕਰਦਾ ਸੀ, ਉਹਨਾਂ ਦੇ ਬੋਲਚਾਲ ਤੋਂ ਉਸ ਨੇ ਪਛਾਣ ਲਿਆ ਕਿ ਉਹ ਕੋਈ ਆਮ ਮਨੁੱਖ ਨਹੀਂ ਸਨ । ਉਹ ਅਲਗ ਸਨ । ਅਤੇ ਅਬਰਾਹਾਮ ਗਿਆ ਅਤੇ ਇੱਕ ਵੱਛੇ ਨੂੰ ਮਾਰਿਆ ਅਤੇ ਉਸ ਨੂੰ ਤਿਆਰ ਕੀਤਾ, ਅਤੇ ਸਾਰਾਹ ਤੋਂ ਉਹਨਾਂ ਲਈ ਰੋਟੀ ਤਿਆਰ ਕਰਵਾਈ ਅਤੇ ਉਹਨਾਂ ਨੂੰ ਖਵਾਉਣ ਲਈ ਤਿਆਰੀ ਕੀਤੀ ।

67 ਹੁਣ ਯਾਦ ਰਖਣਾ, ਉਹਨਾਂ ਵਿਚੋਂ ਦੋ ਦੂਤ ਸਨ, ਮਨੁੱਖੀ ਦੇਹ ਵਿੱਚ ਦੂਤ, ਅਤੇ ਉਹਨਾਂ ਵਿਚੋਂ ਇੱਕ ਆਪ ਪਰਮੇਸ਼ੁਰ ਸੀ । ਅਤੇ ਉਹ ਇੱਕ ਜਿਹੜਾ ਪਰਮੇਸ਼ੁਰ ਸੀ, ਉਸ ਨੇ ਤੰਬੂ ਵਲ ਆਪਣੀ ਪਿੱਠ ਕੀਤੀ ਹੋਈ ਸੀ ।

68 ਅਤੇ ਸਾਰਾਹ ਤੰਬੂ ਵਿੱਚ ਰੁਕੀ ਰਹੀ । ਮੈਂ ਇੱਕ ਔਰਤ ਨੂੰ ਇਸ ਤਰਾਂ ਆਪਣੀ ਜਗ੍ਹਾ ਤੇ ਵੇਖਣਾ ਪਸੰਦ ਕਰਦਾ ਹਾਂ, ਇਹ ਨਹੀਂ ਕਿ ਜਦ ਵੀ ਕੋਈ ਆਵੇ ਤਾਂ ਉਹ ਜਾ ਕੇ ਆਪਣੇ ਪਤੀ ਨੂੰ ਦਸੇ ਕਿ ਕੀ ਕਰਨਾ ਹੈ । ਪਰ ਉਹ ਤੰਬੂ ਵਿੱਚ ਰੁਕੀ ਰਹੀ । ਕੋਈ ਸ਼ੱਕ ਨਹੀਂ, ਸ਼ਾਇਦ ਬਰਤਨ ਸਾਫ਼ ਕਰ ਰਹੀ ਹੋਵੇਗੀ ਜਾਂ ਕੋਈ ਕੰਮ ਕਰ ਰਹੀ ਹੋਵੇਗੀ ।

69 ਅਤੇ ਇਹ ਜਿਹੜਾ ਪਰਮੇਸ਼ੁਰ ਸੀ, ਉਹ ਸਦੂਮ ਵਲ ਵੇਖੀ ਜਾ ਰਿਹਾ ਸੀ, ਅਤੇ ਉਸ ਨੇ ਉਹਨਾਂ ਨੂੰ ਦੱਸਿਆ ਕਿ ਉਹ ਕੀ ਕਰਨ ਵਾਲਾ ਹੈ । ਅਤੇ ਦੋ ਦੂਤ ਉਥੇ ਸੁਸਮਾਚਾਰ ਦਾ ਪ੍ਰਚਾਰ ਕਰਣ ਲਈ ਚਲੇ ਗਏ । ਪਰ ਇੱਕ ਪਿਛਾਂਹ ਰੁਕਿਆ ਰਿਹਾ, ਇਹ ਉਹੀ ਸੀ ਜਿਹੜਾ ਪਰਮੇਸ਼ੁਰ ਸੀ, ਅਤੇ ਉਸ ਨੇ ਕਿਹਾ, "ਮੈਂ ਅਬਰਾਹਾਮ ਤੋਂ ਕੋਈ ਭੇਤ ਗੁਪਤ ਨਹੀਂ ਰਖਾਂਗਾ ਜਿਹੜਾ ਮੈਂ ਜਾਣਦਾ ਹਾਂ, ਕਿਉਂਕਿ ਉਹ ਜਗਤ ਦਾ ਵਾਰਸ ਹੋਵੇਗਾ" ।

70 ਔਹ, ਸਾਡੇ ਕੋਲ ਇਸ ਸਵੇਰ ਇਹ ਅਧਿਕਾਰ ਹੈ, ਕਲੀਸਿਯਾ, ਕਿ ਅਸੀਂ ਪਰਮੇਸ਼ੁਰ ਦੇ ਆਉਣ ਦੇ ਗੁਪਤ ਭੇਤਾਂ ਨੂੰ ਜਾਣੀਏ । ਕਿਉਂਕਿ, "ਧੰਨ ਹਨ ਜਿਹੜੇ ਮੇਲ ਕਰਾਉਂਦੇ ਹਨ, ਉਹ ਪਰਮੇਸ਼ੁਰ ਦੀ ਸੰਤਾਨ ਅਖਵਾਉਣਗੇ । ਧੰਨ ਹਨ ਉਹ ਜਿਹੜੇ ਭੁੱਖੇ ਅਤੇ ਤਿਹਾਏ ਹਨ, ਕਿਉਂ ਜੋ ਉਹ ਤ੍ਰਿਪਤ ਕੀਤੇ ਜਾਣਗੇ । ਧੰਨ ਹਨ ਉਹ ਜਿਹੜੇ ਸੁਧ ਮਨ ਦੇ ਹਨ, ਕਿਉਂ ਜੋ ਉਹ ਪਰਮੇਸ਼ੁਰ ਨੂੰ ਵੇਖਣਗੇ । ਧੰਨ ਹਨ ਉਹ ਜਿਹੜੇ ਹਲੀਮ ਹਨ, ਕਿਓਂ ਜੋ ਉਹ ਧਰਤੀ ਦੇ ਵਾਰਸ ਹੋਣਗੇ"। ਤਾਂ ਫਿਰ, ਜੇ ਜਿਉਂਦੇ ਪਰਮੇਸ਼ੁਰ ਦੀ ਕਲੀਸਿਯਾ ਧਰਤੀ ਦੀ ਵਾਰਸ ਹੋਣ ਜਾ ਰਹੀ ਹੈ ਤਾਂ ਉਹਦੇ ਤੋਂ ਕੋਈ ਭੇਤ ਗੁਪਤ ਨਹੀਂ ਰਖਿਆ ਜਾਵੇਗਾ ।

71 ਯਿਸੂ ਨੇ ਕਿਹਾ, "ਉਹ ਸਭ ਕੁਝ ਜੋ ਪਿਤਾ ਨੇ ਮੈਨੂੰ ਦਸਿਆ ਹੈ, ਮੈਂ ਤਹਾਨੂੰ ਦੱਸ ਦਿਤਾ ਹੈ"। ਅਤੇ ਉਹ ਉਸ ਤੇ ਵਿਸ਼ਵਾਸ ਨਾ ਕਰ ਸਕੇ।

72 ਇਸ ਲਈ ਅਬਰਾਹਾਮ ਦੇ ਦਿਨਾਂ ਵਿੱਚ, ਜਿਵੇਂ ਉਹ ਉਹਨਾਂ ਨੂੰ ਹਵਾਲਾ ਦੇ ਰਿਹਾ ਸੀ, ਉਸ ਨੇ ਕਿਹਾ ਜਿਵੇਂ ਅਬਰਾਹਾਮ ਦੂਤ ਨਾਲ ਗਲਾਂ ਕਰ ਰਿਹਾ ਸੀ, ਅਤੇ ਉਸ ਦੀ ਪਿੱਠ ਤੰਬੂ ਵਲ ਸੀ, ਅਤੇ ਉਸ ਨੇ ਅਬਰਾਹਾਮ ਨੂੰ ਕਿਹਾ ਕਿ ਉਹ ਉਸ ਕੋਲ ਦੁਬਾਰਾ ਆਵੇਗਾ ਤਾਂ ਉਸ ਕੋਲ ਇੱਕ ਬਾਲਕ ਹੋਵੇਗਾ। ਅਤੇ ਸਾਰਾਹ, ਤੰਬੂ ਵਿੱਚ, ਹੱਸੀ। ਅਤੇ ਉਸ ਨੇ ਕਿਹਾ, "ਸਾਰਾਹ ਕਿਉਂ ਹੱਸੀ?" ਇਹ ਜੱਦ ਹੋਇਆ ਤਾਂ ਇਹ ਤਬਾਹੀ ਤੋਂ ਕੁਝ ਘੰਟੇ ਪਹਿਲਾਂ ਦਾ ਸਮਾਂ ਸੀ। ਠੀਕ ਤਬਾਹੀ ਤੋਂ ਪਹਿਲਾਂ, ਜੱਦ ਅੱਗ ਅਸਮਾਨ ਤੋਂ ਆਈ ਅਤੇ ਸ਼ਹਿਰ ਨੂੰ ਭਸਮ ਕਰ ਦਿੱਤਾ, ਅਤੇ ਉਹ ਨਿਸ਼ਾਨ ਵਿਖਾਇਆ ਗਿਆ।

73 ਅਤੇ ਉਨ੍ਹਾਂ ਧਰਮ ਸ਼ਾਸਤਰ ਦੇ ਵਿਦਵਾਨਾਂ ਨੂੰ, ਉਸ ਧਾਰਮਿਕ ਦੇਸ਼ ਨੂੰ ਜਿਥੇ ਲੱਖਾਂ ਲੋਕ ਵਿਸ਼ਵਾਸੀ ਸਨ, ਯਿਸੂ ਨੇ ਕਿਹਾ, "ਤੁਸੀਂ ਗਲਤ ਕਰ ਰਹੇ ਹੋ"। ਉਸ ਨੇ ਕਿਹਾ, "ਤੁਸੀਂ ਗਲਤੀ ਕਰ ਰਹੇ ਹੋ, ਤੁਸੀਂ ਲਿਖਤਾਂ ਨੂੰ ਨਾ ਜਾਣ ਕੇ ਅਤੇ ਪਰਮੇਸ਼ੁਰ ਦੇ ਸਮਰਥ ਨੂੰ ਨਾ ਜਾਣ ਕੇ ਗਲਤੀ ਕਰ ਰਹੇ ਹੋ"। ਇਸ ਤਰਾਂ ਦੀ ਪੀੜ੍ਹੀ ਨੂੰ, ਜਿਹੜੇ ਵਧੀਆ ਢੰਗ ਨਾਲ ਸਿਖਿਆ ਪ੍ਰਾਪਤ ਆਦਮੀ ਸਨ, ਜਿਹੜੇ ਵਿਦਵਾਨ ਸਨ ਅਤੇ ਜਿਹਨਾਂ ਦੀ ਪਰਵਰਿਸ਼ ਗਿਰਜੇ ਵਿੱਚ ਹੋਈ ਸੀ। ਜਦ ਇੱਕ ਬਾਲਕ ਜਨਮ ਲੈਂਦਾ ਸੀ, ਇਹ ਕਲੀਸਿਯਾ ਦੀ ਜਾਇਦਾਦ ਹੁੰਦਾ ਸੀ। ਤਹਾਨੂੰ ਇੱਕ ਇਸਰਾਈਲੀ ਹੋਣਾ ਹੁੰਦਾ ਸੀ। ਤੁਹਾਡੇ ਜਨਮ ਦੇ ਦਸਾਂ ਦਿਨਾਂ ਬਾਅਦ, ਸੁੰਨਤ ਕੀਤੀ ਜਾਂਦੀ ਸੀ ਅਤੇ ਤੁਸੀਂ ਜਨਮ ਤੋਂ ਹੀ ਇਸਰਾਇਲੀ ਹੁੰਦੇ ਸੀ। ਅਤੇ ਜਾਜਕ ਲੇਵੀਆਂ ਵਿਚੋਂ ਹੁੰਦੇ ਸਨ, ਜਿਨਾਂ ਨੂੰ ਕਈ ਸੌ ਸਾਲਾਂ ਤੋਂ ਲਿਖਤਾਂ ਦੀ ਸਿਖਿਆ ਦਿਤੀ ਜਾ ਰਹੀ ਸੀ। ਫਿਰ ਵੀ ਯਿਸੂ ਨੇ ਕਿਹਾ, "ਲਿਖਤਾਂ ਨੂੰ ਨਾ ਜਾਣ ਕੇ, ਤੁਸੀਂ ਗਲਤੀ ਕਰ ਰਹੇ ਹੋ!" ਉਹ ਲਿਖਤਾਂ ਨੂੰ ਆਪਣੀ ਅਧਿਐਨ ਪੁਸਤਕ ਦੁਆਰਾ ਜਾਣਦੇ ਸਨ, ਉਹ ਇਸ ਨੂੰ ਆਪਣੀ ਪ੍ਰਸ਼੍ਨਾਵਲੀ ਦੁਆਰਾ ਜਾਣਦੇ ਸਨ, ਉਹ ਇਸ ਨੂੰ ਧਰਮ ਵਿਦਿਆ ਦੁਆਰਾ ਜਾਣਦੇ ਸਨ। ਪਰ ਯਿਸੂ ਨੇ ਕਿਹਾ, "ਤੁਸੀਂ ਲਿਖਤਾਂ ਨੂੰ ਨਹੀਂ ਜਾਣਦੇ, ਨਾ ਹੀ ਤੁਸੀਂ ਪਰਮੇਸ਼ੁਰ ਦੀ ਸ਼ਕਤੀ ਨੂੰ ਜਾਣਦੇ ਹੋ। ਜੇ ਤੁਸੀਂ ਅਬਰਾਹਾਮ ਨੂੰ ਜਾਣਦੇ ਤਾਂ ਤੁਸੀਂ ਮੈਨੂੰ ਵੀ ਜਾਣ ਲੈਂਦੇ। ਜੇ ਤੁਸੀਂ ਅਬਰਾਹਾਮ ਦੀ ਸੰਤਾਨ ਹੁੰਦੇ ਤਾਂ ਤੁਸੀਂ ਮੈਨੂੰ ਜਾਣ ਲੈਂਦੇ, ਕਿਉਂਕਿ ਮੇਰਾ ਦਿਨ ਵੇਖ ਕੇ ਅਬਰਾਹਾਮ ਅਨੰਦ ਹੋਇਆ, ਕਿਉਂਕਿ ਉਸ ਨੇ ਇਸ ਦਿਨ ਨੂੰ ਪਹਿਲਾਂ ਹੀ ਵੇਖ ਲਿਆ ਸੀ। ਜਦ ਮੈਂ ਉਸ ਜਗਾ ਤੇ ਉਸ ਦੇ ਸਾਹਮਣੇ, ਇੱਕ ਮਾਸ ਦੀ ਦੇਹ ਵਿੱਚ ਖੜਾ ਸੀ ਅਤੇ ਇਹ ਪ੍ਰਦਰਸ਼ਿਤ ਕੀਤਾ, ਉਹ ਜਾਣ ਗਿਆ ਕਿ ਇਹ ਮੈਂ ਸੀ, ਅਤੇ ਉਸ ਨੇ ਮੈਨੂੰ

'ਇਲੋਹੀਮ' ਆਖਿਆ। ਪਰ ਅੱਜ ਮੈਂ ਤੁਹਾਡੇ ਸਾਹਮਣੇ ਉਹੀ ਕੰਮ ਕਰ ਰਿਹਾ ਹਾਂ, ਅਤੇ ਤੁਸੀਂ ਮੈਨੂੰ 'ਬਆਲਜਬੂਬ' ਆਖਦੇ ਹੋ"।

"ਔਹ," ਉਹ ਆਖਦੇ ਸਨ, "ਅਬਰਾਹਾਮ ਸਾਡਾ ਪਿਤਾ ਹੈ"।

"ਅਬਰਾਹਾਮ ਨੂੰ ਆਪਣਾ 'ਪਿਤਾ' ਆਖਦੇ ਹੋ?"

74 ਉਸ ਨੇ ਕਿਹਾ, "ਕਿਓਂ, ਅਸੀਂ, ਅਸੀਂ ਕਲੀਸਿਯਾ ਨਾਲ ਸੰਬਧ ਰਖਦੇ ਹਾਂ। ਅਸੀਂ ਇੱਕ ਧਾਰਮਿਕ ਦੇਸ਼ ਹਾਂ। ਅਸੀਂ ਮਹਾਨ ਲੋਕ ਹਾਂ। ਅਸੀਂ ਪਰਮੇਸ਼ੁਰ ਦੇ ਲੋਕ ਹਾਂ!"

ਯਿਸੂ ਨੇ ਕਿਹਾ, "ਤੁਸੀਂ ਸ਼ਤਾਨ ਹੋ, ਉਹ ਤੁਹਾਡਾ ਪਿਤਾ ਹੈ"।

75 ਮੈਂ ਉਸ ਪੀੜ੍ਹੀ ਦੀ ਤੁਲਨਾ ਇਸ ਪੀੜ੍ਹੀ ਨਾਲ ਕਰ ਸਕਦਾ ਹਾਂ, ਅੱਜ, ਜੱਦ ਲੱਖਾਂ ਹੀ ਲੋਕ ਮਸੀਹ ਹੋਣ ਦਾ ਦਾਅਵਾ ਕਰਦੇ ਹਨ, ਅਤੇ ਪਰਮੇਸ਼ੁਰ ਨੂੰ ਉਸ ਤੋਂ ਵੱਧ ਨਹੀਂ ਜਾਣਦੇ ਜਿਨਾਂ ਇੱਕ ਅਫਰੀਕੀ ਆਦਿਵਾਸੀ ਮਿਸਰ ਦੇਸ਼ ਦੀਆਂ ਲੋਕ ਕਥਾਵਾਂ ਬਾਰੇ ਜਾਣਦਾ ਹੈ। ਅੱਜ ਆਦਮੀ ਅਤੇ ਔਰਤਾਂ ਹਨ, ਲੱਖਾਂ ਹਨ ਜਿਹੜੇ ਮਸੀਹ ਹੋਣ ਦਾ ਦਾਅਵਾ ਕਰਦੇ ਹਨ, ਪਰ ਪੁਨਰਉਥਾਨ ਦੀ ਸਮਰਥ ਦਾ ਪਹਿਲਾ ਸਿਧਾਂਤ ਨਹੀਂ ਜਾਣਦੇ, ਅਤੇ ਕਦੇ ਵੀ ਉਸ ਦੀ ਭਲਿਆਈ ਨੂੰ ਨਹੀਂ ਚਖਿਆ। ਉਹਨਾਂ ਨੇ ਕਦੇ ਵੀ ਉਸ ਦੀ ਸ਼ਕਤੀ ਨੂੰ ਮਹਿਸੂਸ ਨਹੀਂ ਕੀਤਾ। ਉਹਨਾਂ ਦੀ ਅੱਖਾਂ ਸਚਿਆਈ ਦੇ ਲਈ ਅਨ੍ਹੀਆਂ ਕੀਤੀਆਂ ਗਈਆਂ ਹਨ।

76 ਉਸ ਨੇ ਕਿਹਾ, "ਤੁਸੀਂ ਅਨ੍ਹੇ ਹੋ, ਅਨ੍ਹਿਆਂ ਦੇ ਆਗੂ ਹੋ। ਕੀ...ਜੇ...ਜੇ ਅੰਨ੍ਹਾ ਅਨ੍ਹੇ ਦੀ ਅਗਵਾਈ ਕਰੇ, ਕੀ ਉਹ ਟੋਏ ਵਿੱਚ ਨਾ ਡਿਗਣਗੇ?"

77 ਫਿਰ ਉਹਨਾਂ ਸੋਚਿਆ, "ਅਸੀਂ ਮਸੀਹੀ ਹਾਂ। ਅਸੀਂ ਵਿਸ਼ਵਾਸੀ ਹਾਂ। ਅਸੀਂ ਇਥੋਂ ਦੀ ਸਭ ਤੋਂ ਉੱਚੀ ਕਲੀਸਿਯਾ ਨਾਲ ਸੰਬਧ ਰਖਦੇ ਹਾਂ। ਸਾਡੇ ਗੁਰੂ ਇਥੋਂ ਦੇ ਸਭ ਤੋਂ ਵਧੀਆ ਸਿਖਿਆ ਪ੍ਰਾਪਤ ਵਿਦਵਾਨ ਹਨ"। ਅਤੇ ਫਿਰ ਵੀ ਯਿਸੂ ਨੇ ਉਹਨਾਂ ਨੂੰ ਦੱਸਿਆ ਕਿ ਉਹ ਤਾਂ ਲਿਖਤਾਂ ਨੂੰ ਵੀ ਨਹੀਂ ਜਾਣਦੇ।

78 ਵੇਖੋ, ਕਿਵੇਂ ਪਰਮੇਸ਼ੁਰ ਨੇ ਇਸ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਦੀ ਦ੍ਰਿਸ਼ਟੀ ਤੋਂ ਲੁਕੋ ਕੇ ਰਖਿਆ ਅਤੇ ਇਸ ਨੂੰ ਨਿਆਣਿਆਂ ਤੇ ਪ੍ਰਗਟ ਕੀਤਾ ਤਾਂ ਜੋ ਅਜਿਹੇ ਲੋਕ ਸਿੱਖਣ? ਔਹ, ਪਰਮੇਸ਼ੁਰ ਦੀ ਮਹਾਨ ਅਤੇ ਅਨੰਤ ਸ਼ਕਤੀ! ਉਹ ਉਹਨਾਂ ਲਈ ਕਿੰਨਾ ਭਲਾ ਹੈ ਜਿਹੜੇ ਉਸਦੇ ਸਾਹਮਣੇ ਖਰਿਆਈ ਨਾਲ ਚਲਣ ਦੀ ਇੱਛਾ ਰਖਦੇ ਹਨ! ਉਹ ਕੋਈ ਵੀ ਚੰਗੀ ਚੀਜ ਲੁਕੋ ਕੇ ਨਹੀਂ ਰਖੇਗਾ।

79 ਅਤੇ ਉਸ ਦਿਨ ਨੂੰ ਵੇਖਣ ਲਈ ਜੱਦ ਸਾਡਾ ਦੇਸ਼, ਸਾਡਾ ਜਗਤ, ਉਸੇ ਚੀਜ ਨਾਲ ਭਰਿਸ਼ਟ ਹੋ ਗਿਆ ਹੈ!

80 ਯਿਸੂ ਉਹਨਾਂ ਨੂੰ ਸਹੀ ਤਰੀਕੇ ਨਾਲ ਸਿੱਧਾ ਕਰਨਾ ਚਾਹੁੰਦਾ ਸੀ। ਉਹਨਾਂ ਆਖਿਆ, "ਓਹ, ਅਬਰਾਹਾਮ ਸਾਡਾ ਪਿਤਾ ਹੈ। ਅਤੇ ਅਸੀਂ ਮਹਿਮਾ ਵਿੱਚ ਹੋਵਾਂਗੇ, ਤੁਸੀਂ ਇਸ ਬਾਰੇ ਚਿੰਤਾ ਨਾ ਕਰੋ, ਕਿਉਂਕਿ ਅਸੀਂ ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦੇ ਹਾਂ। ਅਸੀਂ ਪ੍ਰੋਫੈਸਰ ਹਾਂ ਅਤੇ ਪਰਮੇਸ਼ੁਰ ਵਿੱਚ ਵਿਸ਼ਵਾਸ ਰਖਦੇ ਹਾਂ, ਅਤੇ ਅਸੀਂ ਆਪਣੇ ਲੋਕਾਂ ਨੂੰ ਸਿਖਾਉਂਦੇ ਹਾਂ। ਅਤੇ ਤੂੰ ਕੌਣ ਹੈ ਜਿਹੜਾ ਇੱਕ—ਇੱਕ ਰਹੱਸਮਈ ਛੋਟੇ ਜਿਹੇ ਪੁਰਾਣੇ ਨਿਸ਼ਾਨ ਨੂੰ ਲੈ ਕੇ ਆਉਂਦਾ ਹੈਂ ਅਤੇ ਇਸ ਨੂੰ ਪਰਮੇਸ਼ੁਰ ਆਖਣ ਦੀ ਕੋਸ਼ਿਸ ਕਰਦਾ ਹੈਂ? ਤੂੰ ਹੋਰ ਕੋਈ ਨਹੀਂ ਪਰ ਬਆਲਜਬੂਬ ਹੈਂ"। ਤਾਂ ਇਥੇ ਹੋ ਤੁਸੀਂ, ਉਹਨਾਂ ਕੋਲ ਉਹਨਾਂ ਦੇ ਅਕੀਦੇ ਅਤੇ ਨਾਮਧਾਰੀ ਕਲੀਸਿਯਾਵਾਂ ਸਨ।

ਯਿਸੂ ਨੇ ਉਹਨਾਂ ਨੂੰ ਆਖਿਆ, "ਤੁਸੀਂ ਸ਼ਤਾਨ ਹੋ"। ਇਸ ਬਾਰੇ ਸੋਚੋ!

81 ਅਤੇ ਮੈਂ ਉਸ ਪੀੜ੍ਹੀ ਦੀ ਇਸ ਪੀੜ੍ਹੀ ਨਾਲ ਤੁਲਣਾ ਕਰਦਾ ਹਾਂ, ਅੱਜ ਜਦ ਸਾਡੇ ਕੋਲ ਸ਼ਾਮਲ ਹੋਣ ਲਈ ਲੱਖਾਂ ਕਲੀਸਿਯਾਵਾਂ ਹਨ, ਸਾਡੇ ਕੋਲ ਦੱਸ ਹਜਾਰ ਹਨ। ਅਤੇ ਪਰਮੇਸ਼ੁਰ ਦੁਬਾਰਾ ਆਪਣੀ ਕਲੀਸਿਯਾ ਵਿੱਚ ਰਹਿਣ ਲਈ ਆਉਂਦਾ ਹੈ, ਅਤੇ ਉਹੀ ਕੰਮ ਕਰਦਾ ਹੈ ਜਿਹੜੇ ਉਸ ਨੇ ਉਸ ਜਗਾ ਤੇ ਕੀਤੇ ਸਨ, ਆਪਣੇ ਆਪ ਨੂੰ ਕਲ੍ਹ, ਅੱਜ ਅਤੇ ਜੁਗਾਂਜੁੱਗ ਇੱਕੋ ਜਿਹਾ ਬਣਾਉਣ ਲਈ। ਅਤੇ ਲੋਕ ਇਸ ਵਲ ਆਪਣੀ ਪਿੱਠ ਭੂਆਂ ਲੈਂਦੇ ਹਨ, ਲਗਾਤਾਰ, ਕੁਝ ਪ੍ਰਸਿਧੀ ਦੇ ਲਈ, ਕੁਝ ਇੱਕ ਚੋਣ ਕਰਣ ਤੋਂ ਬਚਣ ਦੇ ਲਈ। ਇਹ ਲੋਕਾਂ ਉੱਤੇ ਥੋਪਿਆ ਜਾ ਰਿਹਾ ਹੈ! ਤਹਾਨੂੰ ਇੱਕ ਚੌਣ ਕਰਨੀ ਹੀ ਪੈਣੀ ਹੈ। ਤੁਸੀਂ ਨਿਰਪੱਖ ਨਹੀਂ ਰਹਿ ਸਕਦੇ। ਤਹਾਨੂੰ "ਹਾਂ" ਜਾਂ "ਨਾਂ" ਕਹਿਣਾ ਹੀ ਪੈਣਾ ਹੈ। ਤੁਸੀਂ ਉਹੀ ਸ਼ਖਸ ਬਣ ਕੇ ਬਾਹਰ ਨਹੀਂ ਜਾ ਸਕਦੇ ਜਿਵੇਂ ਤੁਸੀਂ ਅੰਦਰ ਆਏ ਸੀ। ਤੁਸੀਂ ਇਸ ਤਰਾਂ ਨਹੀਂ ਕਰ ਸਕਦੇ। ਤਹਾਨੂੰ ਇੱਕ ਚੋਣ ਕਰਨੀ ਹੀ ਪਵੇਗੀ। ਇਸ ਸਵੇਰ ਮਸੀਹ ਨੂੰ ਚੁਣ ਲਵੋ।

82 ਉਹਸੋਚਦੇ ਸਨ ਕਿ ਜਿਹੜਾ ਕਲੀਸਿਯਾ ਨਾਲ ਸੰਬੰਧ ਰਖਦਾ ਹੈ ਸੋ ਬਚਾਇਆ ਜਾਵੇਗਾ।ਯਿਸੂ ਨੇ ਕਿਹਾ, "ਭੀੜਾ ਹੈ ਉਹ ਫਾਟਕ ਅਤੇ ਤੰਗ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ"।

83 ਮੈਨੂੰ ਅੱਜ ਸਵੇਰ ਤਹਾਨੂੰ ਚੇਤਾਵਨੀ ਦੇਣ ਦਿਓ, ਕਲੀਸਿਯਾ, ਸਾਵਧਾਨ ਰਹੋ।ਸਾਡੀ ਸਵੈ-ਧਾਰਮਿਕ, ਅਤੇ ਸਵੈ-ਨਿਰਭਰ ਪਖੰਡੀ ਪੀੜ੍ਹੀ ਜਿਸ ਵਿੱਚ ਅਸੀਂ ਰਹੀ ਰਹੇ ਹਾਂ, ਅੱਜ ਇਸ ਨੂੰ ਸਮਾ ਲਗੇਗਾ। ਇੱਕ ਘੜੀ ਜਦ ਆਦਮੀ ਅਤੇ ਔਰਤਾਂ ਕਲੀਸਿਯਾ ਵਿੱਚ ਅਤੇ ਗਿਰਜੇ ਵਿੱਚ ਸੀਟਾਂ ਤੇ ਖਲੋ ਕੇ ਪਰਮੇਸ਼ੁਰ ਦੇ ਗੀਤਾਂ ਨੂੰ ਗਾਉਂਦੇ ਹਨ, ਅਤੇ ਉਸ ਗਿਰਜੇ ਵਿਚੋਂ ਬਾਹਰ ਜਾਂਦੇ ਹਨ ਅਤੇ ਸਿਗਰਟਾਂ ਫੂਕਦੇ ਹਨ, ਅਤੇ ਵਿਸ਼ਕੀ ਪੀਂਦੇ ਹਨ ਅਤੇ ਨੱਚਣ ਲਈ

ਜਾਂਦੇ ਹਨ, ਅਤੇ—ਅਤੇ ਸੰਸਾਰ ਲਈ ਜਿਉਂਦੇ ਹਨ, ਅਤੇ ਗੰਦੇ, ਅਸ਼ਲੀਲ ਚੁਟਕਲੇ ਸੁਣਾਉਂਦੇ ਹਨ ਅਤੇ ਆਪਣੇ ਆਪ ਨੂੰ "ਮਸੀਹ" ਆਖਦੇ ਹਨ। ਜਦੋਂ ਆਦਮੀ ਅਤੇ ਔਰਤਾਂ ਪ੍ਰਚਾਰ ਮੰਚ ਤੋਂ ਜਾ ਕੇ ਜਾਂ ਗਿਰਜੇ ਵਿਚੋਂ ਜਾ ਕੇ ਜਾਂ ਉਸ ਜਗ੍ਹਾ ਤੋਂ ਜਿਥੇ ਪੁਨਰ ਉਥਾਨ ਦੀ ਸਮਰਥ ਹੈ, ਜਿਥੇ ਉਹੀ ਮਸੀਹੀ ਨਿਸ਼ਾਨ ਉਹਨਾਂ ਵਿੱਚ ਮੰਡਰਾਉਂਦਾ ਹੈ ਅਤੇ ਫਿਰ ਵੀ ਮਸੀਹ ਵਿੱਚ ਨਵੀਂ ਸ੍ਰਿਸ਼ਟੀ ਨਹੀਂ ਬਣਦੇ ਤਾਂ ਉਥੇ ਕੁਝ ਤਾਂ ਗਲਤ ਹੈ। ਜਦ ਅਖਬਾਰਾਂ ਧਮਾਕਾ ਕਰ ਰਹੀਆਂ ਹਨ;ਕਿਨਾਰੇ ਤੋਂ ਕਿਨਾਰੇ ਤਕ, ਅਗਾਂਹ ਅਤੇ ਪਿਛਾਂਹ, ਉੱਤਰ ਦੇ ਬਰਫੀਲੇ ਖੇਤਰਾਂ ਤੋਂ ਦੱਖਣ ਦੇ ਜੰਗਲਾਂ ਤੱਕ, ਪਰਮੇਸ਼ੁਰ ਇਸ ਨੂੰ ਭੇਜਦਾ ਹੈ; ਅਤੇ ਲੋਕ ਲਗਾਤਾਰ ਇਸ ਵਲ ਆਪਣੀ ਪਿੱਠ ਭੂਆਂ ਲੈਂਦੇ ਹਨ। ਤਾਂ ਫਿਰ ਅਸੀਂ ਕੀ ਕਹਿ ਸਕਦੇ ਹਾਂ, ਅਸੀਂ ਕੀ ਕਰ ਸਕਦੇ ਹਾਂ? ਅਸੀਂ ਵਾਪਸ ਉਹਨਾਂ ਲਿਖਤਾਂ ਵਲ ਜਾਂਦੇ ਹਾਂ ਜਿਥੇ ਉਸ ਨੇ ਕਿਹਾ, "ਭੀੜਾ ਹੈ ਉਹ ਫਾਟਕ ਅਤੇ ਤੰਗ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ"।

84 ਉਸ ਨੇ ਕਿਹਾ, "ਜਿਵੇਂ ਨੂਹ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤ੍ਰ ਦੀ ਆਮਦ ਤੇ ਵੀ ਅਜਿਹਾ ਹੀ ਹੋਵੇਗਾ"। ਸੁਣੋ, ਨੂੰਹ ਦੇ ਦਿਨਾ ਵਿੱਚ, ਜਗਤ ਲਗਭਗਉਨਾ ਹੀ ਅਬਾਦ ਸੀ ਜਿਨਾ ਅੱਜ ਹੈ। ਉਹਨਾਂ ਦੀ ਵਿਗਿਆਨ ਸਾਡੇ ਨਾਲੋਂ ਵਧੀਕ ਸੀ ਸਫਿੰਕਸ ਅਰਥਾਤ ਅਜਿਹੀਆਂ ਮੂਰਤੀਆਂ ਜਿਸ ਵਿੱਚ ਸ਼ੇਰ ਦੀ ਧੜ ਉਪਰ ਔਰਤ ਦਾ ਮੂੰਹ ਸੀ ਅਤੇ ਪਿਰਾਮਿਡ ਬਨਾਏ ਅਤੇ ਅਜਿਹੇ ਕੰਮ ਕੀਤੇ ਜੋ ਅਸੀਂ ਅੱਜ ਨਹੀਂ ਕਰ ਸਕਦੇ। [ਟੇਪ ਉੱਤੇ ਖਾਲੀ ਥਾਂ—ਸੰਪਾਦਕ] ਬਹੁਤ ਹੀ ਜਿਆਦਾ ਹੁਸ਼ਿਆਰ ਲੋਕਸਨ। ਅਤੇ ਯਾਦ ਰਖੋ, ਅੱਜ ਵਿਗਿਆਨ ਆਖਦੀ ਹੈ, "ਇਹ ਅਧੀ ਰਾਤ ਤੋਂ ਇੱਕ ਮਿਨਟ ਪਹਿਲਾਂ ਹੈ" ।ਘੜੀ ਤੇ ਮ੍ਰਿਤ ਘੰਟਾ ਅਰਥਾਤ ਰਾਤ ਦੇ ਤਿੰਨ ਵਜਣ ਤੋਂ ਇੱਕ ਮਿਨਟ ਬਾਕੀ ਹੈ। ਇਹ ਸਾਡੀ ਸੋਚ ਤੋਂ ਵੀ ਪਹਿਲਾਂ ਹੈ ।ਮੈਂ ਉਮੀਦ ਕਰਦਾ ਹਾਂ—ਵਿਸ਼ਵਾਸ ਕਰਦਾ ਹਾਂ ਕਿ ਪਵਿੱਤਰ ਆਤਮਾ ਇਸ ਗਲ ਨੂੰ ਹਰੇਕ ਵਿਸ਼ਵਾਸੀ ਦੇ ਦਿਲ ਵਿੱਚ ਉਤਾਰ ਦਵੇਗਾ, "ਜਿਵੇਂ ਨੂੰਹ ਦੇ ਦਿਨਾਂ ਵਿੱਚ ਸੀ"!

85 ਨੂੰਹ ਦੇ ਦਿਨਾਂ ਵਿੱਚ ਕਿੰਨੇ ਲੋਕ ਬਚਾਏ ਗਏ ਸਨ, ਉਸ ਪੀੜ੍ਹੀ ਵਿਚੋਂ ਕਿੰਨੇ ਲੋਕ ਬਚਾਏ ਗਏ ਸਨ? ਅੱਠ, ਲੱਖਾਂ ਕਰੋੜਾਂ ਵਿਚੋਂ ਅੱਠ। ਉਸ ਨੇ ਕਿਹਾ, "ਮਨੁੱਖ ਦੇ ਪੁੱਤ੍ਰ ਦੀ ਆਮਦ ਤੇ ਵੀ ਅਜਿਹਾ ਹੀ ਹੋਵੇਗਾ"।

86 "ਅਤੇ ਜਿਵੇਂ ਇਹ ਸਦੂਮ ਦੇ ਦਿਨਾਂ ਵਿੱਚ ਸੀ, ਮਨੁੱਖ ਦੇ ਪੁੱਤ੍ਰ ਦੀ ਆਮਦ ਤੇ ਵੀ ਅਜਿਹਾ ਹੀ ਹੋਵੇਗਾ"। ਦੱਸ ਹਜਾਰ ਤੋਂ ਵੀ ਜਿਆਦਾ ਲੋਕਾਂ ਵਿਚੋਂ, ਤਿੰਨ ਲੋਕ ਬਚਾਏ ਗਏ ਸਨ।

87 ਤਾਂ ਫਿਰ ਤੁਸੀਂ ਮੈਨੂੰ ਪੁਛੋਗੇ, "ਪ੍ਰਚਾਰਕ, ਉਹਨਾਂ ਹਜਾਰਾਂ ਬਾਰੇ ਕੀ ਖਿਆਲ ਹੈ ਜਿਹੜੇ ਉਸਦੇ ਨਾਲ ਆਉਣ ਵਾਲੇ ਹਨ?" ਹੁਣ, ਭਾਈ, ਉਹ ਤਾਂ ਬਹੁਤ ਸਾਰੀਆਂ ਪੀੜ੍ਹੀਆਂ ਵਿਚੋਂ ਇੱਕਠੇ ਕੀਤੇ ਗਏ ਹਨ ।

88 ਜੇ ਇਸ ਪੀੜ੍ਹੀ ਵਿਚੋਂ ਇੱਕ ਦਰਜਣ ਲੋਕ ਵੀ ਨਿਕਲ ਆਉਂਣ ਤਾਂ ਮੈਨੂੰ ਹੈਰਾਨੀ ਹੋਵੇਗੀ । "ਭੀੜਾ ਹੈ ਉਹ ਫਾਟਕ, ਅਤੇ ਸੌੜਾ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ" ।

89 ਔਹ, ਮੈਂ ਕਲੀਸਿਯਾਂ ਨੂੰ ਜਾਣਦਾ ਹਾਂ, ਉਹ ਆਖਦੀਆਂ ਹਨ, "ਜੇ ਤੁਸੀਂ ਆਪਣਾ ਨਾਮ ਕਿਤਾਬ ਵਿੱਚ ਲਿਖਵਾ ਲਵੋ ਅਤੇ ਤੁਸੀਂ *ਇਸ* ਦੇ ਮੈਂਬਰ ਬਣ ਜਾਵੋ, ਤਾਂ ਫਿਰ ਤੁਸੀਂ ਬਿਲਕੁਲ ਠੀਕ ਹੋ" । ਅਜਿਹੀ ਕੋਈ ਵੀ ਲਿਖਤ ਨਹੀਂ ਹੈ । ਜੇ ਹਰ ਕੋਈ ਆਪਣਾ ਨਾਮ ਕਿਤਾਬ ਵਿੱਚ ਲਿਖਵਾ ਲਵੇ, ਅਤੇ ਕਲੀਸਿਯਾ ਵਿੱਚ, ਤਾਂ ਫਿਰ ਕਰੋੜਾਂ ਦੇ ਕਰੋੜ ਗੁਣਾਂ, ਹਰ ਕੋਈ ਅੰਦਰ ਚਲਾ ਜਾਵੇਗਾ । ਤਾਂ ਫਿਰ ਹਰ ਕਿਸਮ ਦੀਆਂ ਰੂਹਾਂ ਉਥੇ ਹੋਣਗੀਆਂ, ਅਤੇ ਫਿਰ ਸਵਰਗ ਕਿਸ ਤਰਾਂ ਦੀ ਹਾਲਤ ਵਿਚ ਹੋਵੇਗਾ? ਹੁਣ ਇਸ ਦੇ ਬਾਰੇ ਸੋਚੋ ।

90 ਕੋਈ ਮੈਨੂੰ ਇਸ ਤਰਾਂ ਕਹਿ ਸਕਦਾ ਹੈ, "ਜਰਾ ਇੱਕ ਮਿੰਟ ਰੁਕੋ, ਭਾਈ ਬ੍ਰਾਨਹਾਮ, ਫਲਾਣੇ-ਫਲਾਣੇ ਨੂੰ ਮੈਂ ਗੈਰ ਜ਼ੁਬਾਨਾਂ ਵਿੱਚ ਬੋਲਦੇ ਵੇਖਿਆ ਹੈ, ਮੈਂ ਜਾਣਦਾ ਹਾਂ ਕਿ ਉਹ ਬੱਚ ਜਾਣਗੇ" ।

91 ਇਸ ਦਾ ਬਿਲਕੁਲ ਵੀ ਇਹ ਮਤਲਬ ਨਹੀਂ ਹੈ ਕਿ ਉਹ ਬੱਚ ਜਾਣਗੇ । ਪਹਿਲਾ ਕੁਰਿੰਥੀਆਂ 13 ਵਿੱਚ ਪੌਲੁਸ ਨੇ ਕਿਹਾ, "ਭਾਵੇਂ ਮੈਂ ਮਨੁੱਖਾਂ ਅਤੇ ਸਵਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਅਤੇ ਪ੍ਰੇਮ ਨਾ ਰਖਾਂ, ਤਾਂ ਮੈਂ ਕੁਝ ਵੀ ਨਹੀਂ" ।

92 "ਔਹ, ਮੈਂ *ਫਲਾਣੀ-ਫਲਾਣੀ* ਸਭਾ ਵਿਚ ਗਿਆ । ਔਹ, ਉਸ ਨੇ ਮਹਾਨ, ਸ਼ਕਤੀਸ਼ਾਲੀ ਕੰਮ ਕੀਤੇ । ਮੈਂ ਉਸ ਨੂੰ ਅਨ੍ਹਿਆਂ ਨੂੰ ਦ੍ਰਿਸ਼ਟੀ ਦਿੰਦੇ ਹੋਏ ਵੇਖਿਆ ਹੈ" ।

93 ਉਹ ਫਿਰ ਵੀ ਨਾਸ਼ ਹੋ ਸਕਦਾ ਹੈ । "ਉਸ ਦਿਨ ਮੇਰੇ ਕੋਲ ਬਥੇਰੇ ਲੋਕ ਆਉਣਗੇ ਅਤੇ ਕਹਿਣਗੇ, 'ਪ੍ਰਭੂ, ਕੀ ਮੈਂ ਤੇਰੇ ਨਾਮ ਵਿੱਚ ਪਰਚਾਰ ਨਹੀਂ ਕੀਤਾ, ਭਵਿਖਵਾਣੀ ਨਹੀਂ ਕੀਤੀ? ਕੀ ਮੈਂ ਤੇਰਾ ਨਾਮ ਲੈ ਕੇ ਦੁਸ਼ਟ ਆਤਮਾਵਾਂ ਨੂੰ ਨਹੀਂ ਕਢਿਆ? ਕੀ ਮੈਂ ਤੇਰਾ ਨਾਮ ਲੈ ਕੇ, ਬਹੁਤ ਸਾਰੇ ਵੱਡੇ ਵੱਡੇ ਕੰਮ ਨਹੀਂ ਕੀਤੇ?' ਉਹ ਕਹੇਗਾ, 'ਹੇ ਬੁਰਿਆਰੋ, ਮੇਰੇ ਕੋਲੋਂ ਦੂਰ ਹੋ ਜਾਓ, ਮੈਂ ਤਾਂ ਤਹਾਨੂੰ ਜਾਣਦਾ ਵੀ ਨਹੀਂ'"। "ਕਿਉਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ" ।

94 ਮੈਨੂੰ ਤਹਾਨੂੰ ਕੁਝ ਅੰਦਾਜੇ ਦੇਣ ਦਿਓ ਜਿਹੜੇ ਤਹਾਨੂੰ ਦਹਿਲਾ ਦੇਣਗੇ । ਡਾਕਟਰੀ ਵਿਗਿਆਨ ਦੇ ਅਨੁਸਾਰ, ਸ਼ਿਕਾਗੋ ਸ਼ਹਿਰ ਅੰਦਰ, ਡਾਕਟਰੀ ਅੰਕੜਿਆਂ ਅਨੁਸਾਰ, ਕੇਵਲ ਸ਼ਿਕਾਗੋ ਵਿਚ ਹੀ ਡਾਕਟਰਾਂ ਕੋਲ ਤੀਹ ਦਿਨਾਂ ਦੇ ਅੰਦਰ ਭਰੂਣ ਹੱਤਿਆ ਦੇ ਤੀਹ ਹਜਾਰ ਮਾਮਲੇ ਹਨ । ਭਰੂਣ ਹੱਤਿਆ ਦੇ ਲਈ ਉਹ ਕਿੰਨੀਆਂ ਗੋਲੀਆਂ ਅਤੇ ਹੋਰ ਚੀਜਾਂ ਦਾ ਇਸਤੇਮਾਲ ਕਰਦੇ ਹਨ?

95 ਅੰਕੜੇ ਦਿਖਾਉਂਦੇ ਹਨ ਕਿ ਸੰਯੁਕਤ ਰਾਜ ਵਿੱਚ, ਪਵਿੱਤਰ ਵਿਆਹ ਦੇ ਬਚਿਆਂ ਤੋਂ ਵੱਧ, ਨਾਜਾਇਜ਼ ਬੱਚੇ ਪੈਦਾ ਹੁੰਦੇ ਹਨ । ਕੀ ਤੁਸੀਂ ਜਾਣਦੇ ਹੋ ਬਾਈਬਲ ਵਿਵਸਥਾਸਾਰ 14:2 ਵਿੱਚ ਕਹਿੰਦੀ ਹੈ, ਕਿ "ਇੱਕ ਨਾਜਾਇਜ਼ ਬਾਲਕ, ਇਸ ਨੂੰ ਸਮਾਪਤ ਹੋਣ ਲਈ ਚਾਰ ਸੌ ਸਾਲ ਲਗਣਗੇ"? ਉਹਨਾਂ ਦੀ ਸੰਤਾਨ ਦੀ ਸੰਤਾਨ ਦੀ ਸੰਤਾਨ ਦੀ ਸੰਤਾਨ ਦੀ ਸੰਤਾਨ ਪ੍ਰਭੂ ਦੀ ਸਭਾ ਵਿੱਚ ਨਹੀਂ ਖਲੋ ਸਕਦੀ ਸੀ, ਚਾਰ ਸੌ ਸਾਲ, ਦੱਸ ਪੀੜ੍ਹੀਆਂ । ਇੱਕ ਪੀੜ੍ਹੀ ਵਿੱਚ ਚਾਲੀ ਸਾਲ ਹੁੰਦੇ ਹਨ । ਉਹਨਾਂ ਦੇ ਪੜ੍ਹਦਾਦੇ ਦੇ ਪੜ੍ਹਦਾਦੇ ਦੇ ਪੜ੍ਹਦਾਦੇ ਦਾ ਪੜ੍ਹਦਾਦਾ ਨਾਜਾਇਜ਼ ਬਾਲਕ ਸੀ, ਉਹ ਤਸਵੀਰ ਤੋਂ ਬਾਹਰ ਹੈ! ਹੁਣ ਕੀ? ਮੈਨੂੰ ਵਿਖਾਓ ਇਹ ਕਿਥੇ ਬਦਲਿਆ ਹੈ ।

96 ਅਸੀਂ ਕਿਥੇ ਆ ਗਏ ਹਾਂ? ਅਤੇ ਹੁਣ ਨਾਜਾਇਜ਼ ਲੋਕ, ਵਿਭਚਾਰ ਦੇ ਕਾਰਨ, ਅਤੇ ਪਾਪ ਨਾਲ ਭਰੀਆਂ ਔਰਤਾਂ ਜਿਹੜੀਆਂ ਗਲੀਆਂ ਵਿੱਚ ਆਦਮੀਆਂ ਵਾਂਗ ਕਪੜੇ ਪਹਿਣਦੀਆਂ ਹਨ, ਜੋ ਪਰਮੇਸ਼ੁਰ ਦੀ ਨਜਰ ਵਿੱਚ ਘਿਣਾਉਣਾ ਹੈ, ਸਿਗਰਟਾਂ ਪੀਣ ਵਾਲੇ, ਸ਼ਰਾਬ ਪੀਣ ਵਾਲੇ, ਦਾਅਵਾ ਕਰਨ ਵਾਲੇ ਅਖੌਤੀ ਮਸੀਹ ।ਪਰਮੇਸ਼ੁਰਅਜਿਹੇ ਵੇਸਵਾਵਾਂ ਦੇ ਝੁੰਡ ਤੇ ਰਹਿਮ ਕਰੇ! ਇਹ ਸਹੀ ਹੈ । ਫਿਰ ਵੀ ਆਪਣੇ ਆਪ ਨੂੰ ਮਸੀਹ ਆਖਦੇ ਹਨ? ਕੋਈ ਹੈਰਾਨੀ ਦੀ ਗਲ ਨਹੀਂ ਜਦ ਯਿਸੂ ਨੇ ਕਿਹਾ, "ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ" ।

97 ਉਹ ਆਪਣੇ ਆਪ ਨੂੰ ਨਮਰ ਨਹੀਂ ਕਰਦੇ । ਉਹ ਕਠੋਰ ਹੋ ਗਏ ਹਨ । ਵੇਖੋ, ਜਦ ਦਾਊਦ ਨੂੰ ਉਸ ਪਾਪ ਬਾਰੇ ਦੱਸਿਆ ਗਿਆ ਜੋ ਉਸ ਨੇ ਕੀਤਾ ਸੀ ਤਾਂ ਉਸ ਨੇ ਛੇਤੀ ਨਾਲ ਤੋਬਾ ਕੀਤੀ, ਅਤੇ ਪਰਮੇਸ਼ੁਰ ਨੇ ਉਸ ਨੂੰ ਇਸ ਦੇ ਲਈ ਪ੍ਰੇਮ ਕੀਤਾ । ਜੇ ਤੁਸੀਂ ਉਹਨਾਂ ਨੂੰ ਉਨ੍ਹਾਂ ਦੇ ਪਾਪਾਂ ਬਾਰੇ ਦੱਸੋ, ਉਹ ਆਖਣਗੇ, "ਮੈਂ ਦੁਬਾਰਾ ਇਸ ਦਰਵਾਜੇ ਤੇ ਪਰਛਾਂਵਾਂ ਨਹੀਂ ਪਾਵਾਂਗਾ" । ਕਿਓਂ? ਉਹਨਾਂ ਕੋਲ ਬਹੁਤ ਸਾਰੀਆਂ ਥਾਂਵਾਂ ਹਨ ਜਿਥੇ ਉਹ ਜਾ ਸਕਦੇ ਹਨ, ਉਹ ਉਹਨਾਂ ਨਾਜਾਇਜ਼ ਘੁਰਨਿਆਂ ਵਿੱਚ ਜਾ ਸਕਦੇ ਹਨ ਜਿਹੜੇ ਅਜਿਹੇ ਲੋਕਾਂ ਨੂੰ ਸਹਾਰ ਸਕਦੇ ਹਨ । ਪਰ ਇਹ ਉਹ ਸਮਾਂ ਹੈ ਜੱਦ ਪ੍ਰਚਾਰਕਾਂ ਨੂੰ ਪਰਮੇਸ਼ੁਰ ਦੇ ਪੂਰੇ ਹਥਿਆਰਾਂ ਨੂੰ ਪਹਿਣ ਲੈਣਾ ਚਾਹੀਦਾ ਹੈ ਅਤੇ ਵਚਨ, ਸੁਸਮਾਚਾਰ ਦਾ ਬਿਨਾ

ਕਿਸੇ ਸਮਝੌਤੇ ਤੋਂ ਪਰਚਾਰ ਕਰਨਾ ਚਾਹੀਦਾ ਹੈ। ਆਦਮੀਆਂ ਨੂੰ ਆਪਣੇ ਆਪ ਨੂੰ ਨਮਰ ਕਰਨਾ ਚਾਹੀਦਾ ਹੈ।

98 ਹੁਣ ਮਸੀਹੀ ਲੋਕਾਂ ਵਿੱਚ ਈਮਾਨਦਾਰੀ ਨਹੀਂ ਰਹੀ। ਉਹ ਕਹਿਣਾ ਚਾਹੁੰਦੇ ਹਨ, "ਮੈਂ ਇੱਕ ਮੈਥੋਡਿਸਟ ਹਾਂ, ਮੈਂ ਇੱਕ ਬੈਪਟਿਸਟ ਹਾਂ, ਮੈਂ ਇੱਕ ਪੈਂਟੀਕਾਸਟਲ ਹਾਂ," ਇਹ ਤਾਂ ਪਰਮੇਸ਼ੁਰ ਦੇ ਲਈ [ਭਾਈ ਬ੍ਰਾਨਹਾਮ ਆਪਣੀਆਂ ਉਂਗਲਾਂ ਨਾਲ ਚੁਟਕੀ ਵਜਾਉਂਦੇ ਹਨ—ਸੰਪਾਦਕ] *ਇਹ* ਵੀ ਨਹੀਂ ਹੈ।

99 "ਮੈਂ ਗੈਰ ਜੁਬਾਨਾਂ ਵਿੱਚ ਬੋਲਿਆ, ਮੈਂ ਅਚਰਜ ਕੰਮ ਕੀਤੇ"। ਅਸੀਂ ਆਪਣਾ ਸਾਰਾ ਜੋਰ ਇਸ ਤੇ ਹੀ ਲਗਾ ਦਿੰਦੇ ਹਾਂ, ਜਦਕਿ ਇਹ ਸਭ ਤੋਂ ਜਿਆਦਾ ਅਨ੍ਹਿਆਂ ਕਰ ਦੇਣ ਵਾਲੀ ਗਲ ਹੈ ਜੋ ਉਹ ਕਰ ਸਕਦੇ ਹਨ। ਯਕੀਨਨ। ਵਰਖਾ ਧਰਮੀਆਂ ਅਤੇ ਕੁਧਰਮੀਆਂ ਦੋਹਾਂ ਉੱਤੇ ਇੱਕੋ ਜਿਹੀ ਪੈਂਦੀ ਹੈ। ਵਰਖਾ ਫਸਲ ਨੂੰ ਉਸੇ ਤਰਾਂ ਸਿੰਜਦੀ ਹੈ ਜਿਵੇਂ ਇਹ ਜੰਗਲੀ ਬੂਟੀ ਨੂੰ ਸਿੰਜਦੀ ਹੈ। ਉਹੀ ਵਰਖਾ, ਉਹੀ ਪਵਿੱਤਰ ਆਤਮਾ ਲੋਕਾਂ ਉੱਤੇ ਉੱਤਰਦੀ ਹੈ। ਪਰ ਫਿਰ ਵੀ ਇਸਦਾ ਮਤਲਬ ਇਹ ਨਹੀਂ ਕਿ...ਉਹਨਾਂ ਦਾ ਸੁਭਾਅ ਵਖਰਾ ਹੋਣਾ ਚਾਹੀਦਾ ਹੈ, ਅੰਦਰੋ ਹੋਣਾ ਚਾਹੀਦਾ ਹੈ। ਬਾਹਰੀ ਪ੍ਰਗਟਾਵਾ ਜਾਂ ਪ੍ਰਦਰਸ਼ਨ ਨਹੀਂ, ਪਰ ਜਿਉਂਦੇ ਪਰਮੇਸ਼ੁਰ ਦੀ ਆਤਮਾ ਜਿਹੜੀ ਉਸ ਦੇ ਅੰਦਰ ਹੈ, ਉਸ ਸਖ਼ਸ ਨੂੰ ਇੱਕ ਨਵੀਂ ਸ੍ਰਿਸਟ ਬਣਾਉਂਦੀ ਹੈ, ਜਿਹੜੀ ਉਸ ਸਖ਼ਸ ਦੇ ਹਿਰਦੇ ਨੂੰ ਪਰਮੇਸ਼ੁਰ ਦੇ ਸਨਮੁਖ ਨਮਰ ਬਣਾਉਂਦੀ ਹੈ।

100 ਤੁਸੀਂ ਕਹਿੰਦੇ ਹੋ, "ਪ੍ਰਚਾਰਕ, ਕੀ ਤੁਸੀਂ ਮੈਨੂੰ ਇਹ ਦੱਸਣਾ ਚਾਹੁੰਦੇ ਹੋਕਿ ਇਹਨਾਂ ਲੱਖਾਂ ਕਰੋੜਾਂ ਅਤੇ ਸੰਸਾਰ ਦੇ ਚਾਰ ਅਰਬ ਲੋਕਾਂ ਵਿਚੋਂ ਕੇਵਲ ਇੱਕ ਦਰਜਨ?" ਮੈਨੂੰ ਤਾਂ ਇਹ ਵੀ ਸ਼ੱਕ ਹੈ ਕਿ ਰੈਪਚਰ ਵਿੱਚ ਇੱਕ ਦਰਜਨ ਲੋਕ ਵੀ ਹੋਣ। ਇਸ ਬਾਰੇ ਸੋਚੋ! ਮੈਂ ਤਹਾਨੂੰ ਉਹ ਦੱਸ ਰਿਹਾ ਹਾਂ ਜੋਯਿਸੂ ਨੇ ਇੰਜੀਲ ਵਿਚ ਕਿਹਾ ਸੀ। ਇਸ ਬਾਰੇ ਸੋਚੋ।

101 ਇੰਝ ਕਿਓ ਹੋਇਆ ਹੈ? ਕਿਉਂਕਿ ਲੋਕਾਂ ਅੰਦਰ ਬਦਚਲਣੀ ਆ ਗਈ ਹੈ, ਨਾਜਾਇਜ਼ ਬੱਚੇ ਪੈਦਾ ਹੋਣੇ ਸ਼ੁਰੂ ਹੋ ਗਏ ਹਨ, ਇਸ ਨੇ ਉਹਨਾਂ ਨੂੰ ਦੂਸ਼ਿਤ ਕਰ ਦਿਤਾ ਹੈ। ਵੇਖੋ, ਅਸੀਂ ਇਥੇ ਕਈ ਘੰਟਿਆਂ ਤੱਕ ਖਲੋ ਸਕਦੇ ਹਾਂ, ਉਹਨਾਂ ਗਲਾਂ ਬਾਰੇ ਬੋਲ ਸਕਦੇ ਹਾਂ, ਅਤੇ ਤੁਸੀਂ ਦੇਖ ਸਕਦੇ ਹੋ ਕਿ ਅਸੀਂ ਇਕ ਭ੍ਰਿਸ਼ਟ, ਘਿਨਾਉਣੀ, ਜੜਾਂ ਤੱਕ ਸੜੀ ਹੋਈ ਪੀੜ੍ਹੀ ਵਿੱਚ ਰਹਿ ਰਹੇ ਹਾਂ। ਕੋਈ ਹੈਰਾਨੀ ਨਹੀਂ ਕਿ ਉਹ ਕੋਈ ਚਿਨ੍ਹ ਨੂੰ ਨਹੀਂ ਵੇਖ ਸਕਦੇ, ਕੋਈ ਅਚਰਜ ਨਹੀਂ ਕਿ ਉਹ ਇੰਜੀਲ ਨੂੰ ਨਹੀਂ ਸੁਣਦੇ, ਉਹ ਕਠੋਰ ਹੋ ਗਏ ਹਨ, ਫਿਰ ਵੀ ਉਹ ਆਪਣੇ ਆਪ ਵਿੱਚ ਧਾਰਮਿਕ ਅਤੇ ਪਵਿੱਤਰ ਬਣਦੇ ਹਨ।

102 ਕੀ ਯਿਸੂ ਨੇ ਇਹ ਨਹੀਂ ਆਖਿਆ, "ਆਤਮਾ ਸਾਫ਼ ਸਾਫ਼ ਆਖਦਾ ਹੈ, ਕਿ ਅੰਤ ਦੇ ਦਿਨਾਂ ਵਿੱਚ ਉਹ ਕਾਹਲੇ, ਘਮੰਡੀ, ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ, ਪੱਥਰ ਦਿਲ, ਅਸੰਜਮੀ, ਕਰੜੇ ਅਤੇ ਨੇਕੀ ਦੇ ਵੈਰੀ, ਭਗਤੀ ਦਾ ਰੂਪ ਧਾਰਣਗੇ"? ਵੇਖਿਆ? ਔਹ, ਕੋਈ ਸ਼ੱਕ ਨਹੀਂ ਕਿ ਤੁਸੀਂ ਚਿਲਾ ਸਕਦੇ ਹੋ । ਕੋਈ ਸ਼ੱਕ ਨਹੀਂ ਕਿ ਤੁਸੀਂ ਗੈਰ ਜੁਬਾਨਾਂ ਵਿੱਚ ਬੋਲ ਸਕਦੇ ਹੋ । ਕੋਈ ਸ਼ੱਕ ਨਹੀਂ ਕਿ ਵਿਸ਼ਵਾਸ ਦੁਸ਼ਟ ਆਤਮਿਆਂ ਨੂੰ ਬਾਹਰ ਕਢ ਦਵੇਗਾ । ਪਰ ਇਹ ਉਹ ਨਹੀਂ ਹੈ ਜਿਸ ਬਾਰੇ ਅਸੀਂ ਗਲ ਕਰ ਰਹੇ ਹਾਂ ।

103 ਤਾਂ ਫਿਰ ਤੁਸੀਂ ਮੈਨੂੰ ਆਖੋਗੇ, "ਭਾਈ ਬ੍ਰਾਨਹਾਮ, ਇੱਕ ਮਸੀਹ ਹੋਣ ਦੀ ਕੀ ਨਿਸ਼ਾਨੀ ਹੈ? ਕੌਣ ਬਚਾਇਆ ਜਾਵੇਗਾ? ਕੀ ਤੁਸੀਂ, ਭਾਈ ਬ੍ਰਾਨਹਾਮ?" ਮੈਂ ਇਸ ਵਾਸਤੇ ਪਰਮੇਸ਼ੁਰ ਤੇ ਭਰੋਸਾ ਕਰਦਾ ਹਾਂ । ਮੈਂ ਨਹੀਂ ਜਾਣਦਾ । ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਂ ਬਚਾਇਆ ਗਿਆ ਹਾਂ । ਮੈਂ ਹਰੇਕ ਦਿਨ, ਆਪਣੇ ਜੀਵਨ ਨੂੰ, ਵਚਨ ਦੇ ਨਾਲ ਮਿਲਾਉਂਦਾ ਹਾਂ । ਜੇ ਇਹ ਇਸ ਵਚਨ ਦੇ ਅਨੁਸਾਰ ਨਹੀਂ ਚਲਦਾ ਤਾਂ ਕੁਝ ਤਾਂ ਗਲਤ ਹੈ, ਮੈਨੂੰ ਪਿਛਾਂਹ ਜਾ ਕੇ ਇਸ ਨੂੰ ਸਹੀ ਕਰਨਾ ਪੈਣਾ ਹੈ ।

104 "ਅੱਛਾ," ਤੁਸੀਂ ਆਖੋਗੇ, "ਭਾਈ ਬ੍ਰਾਨਹਾਮ, ਜਦ ਲੋਕ ਗੈਰ ਜੁਬਾਨਾਂ ਵਿੱਚ ਬੋਲਦੇ ਹਨ, ਕੀ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਬਚਾਏ ਗਏ ਹਨ?" ਨਹੀਂ, ਸ਼੍ਰੀ ਮਾਨ! ਵਾਕਈ, ਨਹੀਂ! ਮੈਂ ਜਾਦੂਗਰਾਂ ਅਤੇ ਜਾਦੂਗਰਨੀਆਂ ਨੂੰ ਗੈਰ ਜੁਬਾਨਾਂ ਵਿਚ ਬੋਲਦੇ ਸੁਣਿਆ ਹੈ, ਸਭ ਤਰਾਂ ਦੀ ਬਕਵਾਸ । ਮੈਂ ਅਜਿਹੇ ਲੋਕਾਂ ਨੂੰ ਵੀ ਗੈਰ ਜੁਬਾਨਾਂ ਵਿੱਚ ਬੋਲਦੇ ਵੇਖਿਆ ਹੈ ਜੋ ਕਿਸੇ ਹੋਰ ਆਦਮੀ ਦੀ ਪਤਨੀ ਨਾਲ ਰਹਿੰਦੇ ਹਨ । ਮੈਂ ਉਹਨਾਂ ਲੋਕਾਂ ਨੂੰ ਗੈਰ ਜੁਬਾਨਾਂ ਬੋਲਦੇ ਹੋਏ ਵੇਖਿਆ ਹੈ ਅਤੇ ਇਸ ਤਰਾਂ ਹੇਠਾਂ ਉੱਪਰ ਕੁੱਦਦੇ ਅਤੇ ਚਿਲਾਉਂਦੇ ਹੋਏ ਵੇਖਿਆ ਹੈ ਜਿਵੇਂ ਇਮਾਰਤ ਨੂੰ ਅੱਗ ਲਗ ਗਈ ਹੋਵੇ ਅਤੇ ਬਾਹਰ ਜਾ ਕੇ ਭ੍ਰਿਸ਼ਟ ਸੌਦੇ, ਅਤੇ ਚੋਰੀ ਕਰਦੇ, ਝੂਠ ਬੋਲਦੇ ਅਤੇ ਹਰੇਕ ਚੀਜ ਕਰਦੇ ਵੇਖਿਆ ਹੈ । ਤੁਸੀਂ ਇਸ ਦੀ ਕਿਵੇਂ ਉਮੀਦ ਕਰ ਸਕਦੇ ਹੋ? ਨਹੀਂ ਸ਼੍ਰੀ ਮਾਨ ।

105 ਕਲੀਸਿਯਾ ਨਾਲ ਜੁੜ ਸਕਦੇ ਹਨ, ਕਲੀਸਿਯਾ ਵਿੱਚ ਡੀਕਨ ਹੋ ਸਕਦੇ ਹਨ, ਜਿੰਨੇ ਕੁ ਉਹ ਹੋ ਸਕਦੇ ਹਨ ਉਨੇ ਪਵਿੱਤਰ ਬਣਦੇ ਹਨ ।ਕਿਉਂ, ਕੀ ਤੁਸੀਂ ਸੋਚਦੇ ਹੋ ਕਿ ਉਹ ਐਤਵਾਰ ਨੂੰ ਪੈਟਰੋਲ ਖਰੀਦਣਗੇ? ਨਹੀਂ ।ਪਰ ਸੋਮਵਾਰ ਨੂੰ ਉਹ ਕੁਝ ਅਜਿਹਾ ਕੰਮ ਕਰਨਗੇ ਜੋ ਗੰਦਾ ਅਤੇ ਸੜਿਆ ਹੋਇਆ ਅਤੇ ਗਵਾਰ ਹੈ ।ਪਰਮੇਸ਼ੁਰ ਹਿਰਦੇ ਵਿੱਚ ਵਾਸ ਕਰਦਾ ਹੈ, ਬਾਹਰੀ ਰੂਪ ਵਿੱਚ ਨਹੀਂ, ਇਹ ਤਾਂ ਕੁਝ ਅਜਿਹੀ ਚੀਜ ਹੈ ਜੋ ਹਿਰਦੇ ਵਿਚੋਂ ਬਾਹਰ ਆਉਂਦੀ ਹੈ ।

106 "ਕਿਉਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ"। ਜਿਸ ਤਰਾਂ ਨੂੰਹ ਦੇ ਦਿਨਾਂ ਵਿੱਚ ਸੀ, ਉਹਨਾਂ ਲੱਖਾਂ ਕਰੋੜਾਂ ਵਿਚੋਂ ਅੱਠ; ਜਿਸ ਤਰਾਂ ਸਦੂਮ ਦੇ ਦਿਨਾਂ ਵਿੱਚ ਸੀ, ਲੱਖਾਂ ਕਰੋੜਾਂ ਵਿਚੋਂ ਤਿੰਨ; ਉਸੇ ਤਰਾਂ ਹੀ ਮਨੁੱਖ ਦੇ ਪੁੱਤਰ ਦੀ ਆਮਦ ਤੇ ਹੋਵੇਗਾ।

107 ਅਤੇ ਤੁਸੀਂ ਉਸ ਭ੍ਰਿਸ਼ਟਤਾਈ ਨੂੰ ਵੇਖੋ ਜਿਸ ਵਿੱਚ ਅਸੀਂ ਹਾਂ। ਤੁਸੀਂ ਮਨੁੱਖ ਦੇ ਹਰੇਕ ਵਿਚਾਰ ਨੂੰ ਵੇਖੋ, ਉਹ ਉਥੇ ਬਾਹਰ ਜਾਂਦਾ ਹੈ ਅਤੇ ਸ਼ੈਤਾਨ ਚਤਰ ਪ੍ਰਚਾਰਕਾਂ ਨੂੰ ਪਰਚਾਰ ਮੰਚ ਦੇ ਖੜਾ ਕਰਦਾ ਹੈ ਅਤੇ ਲੋਕਾਂ ਨੂੰ ਉਹਦੇ ਮਗਰ ਲਾ ਲੈਂਦਾ ਹੈ।

108 ਕਿਸੇ ਹੋਰ ਦਿਨ ਇੱਕ ਸ਼ਖਸ ਨੇ ਕਿਹਾ, "ਮੈਂ ਤਹਾਨੂੰ ਆਪਣੇ ਪਰਚਾਰ ਮੰਚ ਤੇ ਨਹੀਂ ਆਉਣ ਦੇਵਾਂਗਾ, ਤੁਸੀਂ ਮੇਰੀਆਂ ਔਰਤਾਂ ਨੂੰ ਪਾਗਲ ਕਰ ਦਿਓਗੇ"। ਨਹੀਂ, ਉਹ ਤਾਂ ਪਹਿਲਾਂ ਹੀ ਪਾਗਲ ਹਨ। ਮੈਂ ਤਾਂ ਉਹਨਾਂ ਦੇ ਦਿਮਾਗ ਸਹੀ ਕਰ ਦਿਆਂਗਾ, ਉਹਨਾਂ ਨੂੰ ਦੱਸਾਂਗਾ ਕਿ ਅਜਿਹੇ ਕਪੜੇ ਅਤੇ ਹੋਰ ਚੀਜਾਂ ਪਹਿਣਨੀਆਂ ਛੱਡ ਦਿਓ। ਅਤੇ, ਖੈਰ, ਕਿਸੇ ਨੇ ਤਾਂ ਇਹ ਕਰਨਾ ਹੀ ਹੈ।

109 ਮੈਂ ਆਪਣੀ ਪਤਨੀ ਤੋਂ ਪੁਛਿਆ, "ਕੀ ਮੈਂ ਆਪ ਹੀ ਪਾਗਲ ਤਾਂ ਨਹੀਂ ਹੋ ਗਿਆ? ਕੀ ਮੈਂ ਪਾਗਲ ਹਾਂ? ਜਾਂ, ਮੈਨੂੰ ਕੀ ਹੋ ਗਿਆ ਹੈ?" ਮੇਰੇ ਅੰਦਰ ਕੁਝ ਹੈ ਜਿਸ ਨੂੰ ਮੈਂ ਰੋਕ ਕੇ ਨਹੀਂ ਰਖ ਸਕਦਾ। ਮੈਨੂੰ ਇਹ ਦੱਸਣਾ ਹੀ ਪੈਣਾ ਹੈ, ਮੈਨੂੰ ਪਰਵਾਹ ਕਿ ਹੋਰ ਕੋਈ ਇਹਦੇ ਬਾਰੇ ਕੀ ਕਹਿੰਦਾ ਹੈ।

110 ਕਿਹਾ, "ਤੁਸੀਂ ਆਪਣੀ ਸੇਵਕਾਈ ਨੂੰ ਤਬਾਹ ਕਰ ਦਿਓਗੇ"। ਅੱਛਾ, ਕੋਈ ਵੀ ਸੇਵਕਾਈ ਜਿਸ ਨੂੰ ਇੰਜੀਲ ਤਬਾਹ ਕਰੇ, ਉਹ ਤਾਂ ਤਬਾਹ ਹੋਣੀ ਹੀ ਚਾਹੀਦੀ ਹੈ।

ਪਰਮੇਸ਼ੁਰ ਸਾਨੂੰ ਉਸ ਲਈ ਖੜੇ ਹੋਣ ਦੇ ਦਲੇਰੀ ਦਵੇ ਜੋ ਸਚਾਈ ਹੈ ਅਤੇ ਇਹਦੇ ਬਾਰੇ ਸਚਾਈ ਦੱਸ ਸਕੀਏ! ਇਹ ਪਾਪ ਹੈ, ਸ਼ਰਮ ਦੀ ਗਲ ਹੈ!

111 "ਭੀੜਾ ਹੈ ਉਹ ਫਾਟਕ," ਯਿਸੂ ਨੇ ਕਿਹਾ, "ਅਤੇ ਤੰਗ ਹੈ ਉਹ ਰਾਹ"। ਅਤੇ ਤੁਸੀਂ ਜਿਹੜੇ ਸੋਚਦੇ ਹੋ ਕਿ ਲੱਖਾਂ ਕਰੋੜਾਂ, ਅਤੇ ਤੁਸੀਂ ਸਾਰੇ ਮੈਥੋਡਿਸਟ, ਬੈਪਟਿਸਟ, ਪ੍ਰੇਸਬੇਟੇਰੀਅਨ, ਪੈਂਟੀਕੋਸਟਲ ਅੰਦਰ ਜਾਉਗੇ, ਤੁਸੀਂ ਉਸ ਦਿਨ ਮੂਰਖ ਬਣੋਗੇ। ਯਿਸੂ ਨੇ ਕਿਹਾ, "ਬਹੁਤੇ ਆਉਣਗੇ ਅਤੇ ਰਾਜ ਵਿੱਚ ਬੈਠ ਜਾਣਗੇ, ਆਖਣਗੇ, 'ਮੈਨੂੰ ਇਥੇ ਰਹਿਣ ਦਾ ਹੱਕ ਹੈ'"। ਉਸਨੇ ਕਿਹਾ, "ਪਰ ਰਾਜ ਦੇ ਵਾਰਿਸ ਉਹਨਾਂ ਨੂੰ ਬਾਹਰ ਕਢ ਦੇਣਗੇ। ਉਸ ਜਗਾ ਤੇ ਰੋਣਾ, ਵਿਰਲਾਪ ਕਰਣਾ ਅਤੇ ਦੰਦਾ ਦਾ ਪੀਹਣਾ ਹੋਵੇਗਾ"। ਮਸੀਹ ਲੋਕੋ, ਇਹ ਚੰਗਾ ਹੋਵੇਗਾ ਕਿ ਅੱਜ ਸਵੇਰ ਤੁਸੀਂ ਆਪਣਾ ਹਿਸਾਬ ਲਗਾ ਲਵੋ। ਉਸ ਥਾਂ ਤੇ ਲਖਾਂ ਕਰੋੜਾਂ ਦੇ ਅਰਬਾਂ ਗੁਣਾਂ ਮਸੀਹ ਹੋਣ ਦਾ ਦਾਅਵਾ ਕੀਤੇ ਹੋਏ ਲੋਕ ਹੋਣਗੇ ਅਤੇ ਆਪਣੇ

ਜੀਵਨ ਵਿੱਚ ਕੱਟਰ ਰਹੇ ਹੋਣਗੇ, ਉਹ ਫਾਟਕ ਤੋਂ ਖੁੰਝ ਜਾਣਗੇ । ਯਿਸੂ ਨੇ ਇੰਝ ਕਿਹਾ ਸੀ ।

"ਕਿੰਨੇ ਲੋਕ ਅੰਦਰ ਜਾ ਰਹੇ ਹਨ?"

112 ਮੈਂ ਨਹੀਂ ਜਾਣਦਾ ਕਿੰਨੇ ਜਾ ਰਹੇ ਹਨ । ਇੱਕੋ ਚੀਜ ਹੈ, "ਪਰਮੇਸ਼ੁਰ, ਮੈਨੂੰ ਉਹਨਾਂ ਵਿਚੋਂ ਇੱਕ ਹੋਣ ਦੇ!" ਇਹੀ ਹੈ । ਉਹ ਨਿਆਂਈ ਹੈ । "ਮੈਨੂੰ ਉਹਨਾਂ ਵਿਚੋਂ ਇੱਕ ਹੋਣ ਦੇ" ।

113 ਤੁਸੀਂ ਕਹੋਗੇ, "ਭਾਈ ਬ੍ਰਾਨਹਾਮ, ਤਾਂ ਫਿਰ ਤੁਸੀਂ ਕਿਵੇਂ ਦੱਸ ਸਕਦੇ ਹੋ ਕਿ ਕੌਣ ਮਸੀਹ ਹੈ?"

114 ਮੈਂ ਨਹੀਂ ਜਾਣਦਾ । ਪਰ ਮੈਂ ਤਹਾਨੂੰ ਦੱਸਦਾਂ ਹਾਂ ਕਿ ਵਚਨ ਕੀ ਆਖਦਾ ਹੈ । ਯਕੀਨਨ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ । ਜੱਦ ਪਵਿੱਤਰ ਆਤਮਾ ਧਰਤੀ ਤੇ ਭੇਜਿਆ ਗਿਆ, ਪਰਮੇਸ਼ੁਰ ਪਵਿੱਤਰ ਆਤਮਾ ਦੁਆਰਾ ਬੋਲਿਆ । ਉਸ ਦੇ ਅੱਗੇ—ਅੱਗੇ, ਉਸ ਤੋਂ ਪਹਿਲਾਂ ਉਸ ਨੇ ਇੱਕ ਦੂਤ ਨੂੰ ਭੇਜਿਆ । ਅਤੇ ਉਸ ਨੇ ਕਿਹਾ, "ਸ਼ਹਿਰ ਵਿੱਚ ਅਤੇ ਲੋਕਾਂ ਕੋਲ ਜਾਹ ਅਤੇ ਉਹਨਾਂ ਦੇ ਮੱਥੇ ਉੱਤੇ ਇੱਕ ਨਿਸ਼ਾਨ ਲਗਾ ਜਿਹੜੇ ਉਹਨਾਂ ਦੇ ਘਿਨਾਉਣੇ ਕੰਮਾਂ ਦੇ ਕਰਕੇ ਹਉਕੇ ਭਰਕੇ, ਉਹਨਾਂ ਚੀਜਾਂ ਦਾ ਸੁਧਾਰ ਕਰਦੇ ਹਨ" ।

115 ਘਿਨਾਉਣਾ ਕੰਮ ਕੀ ਹੈ? ਇੱਕ ਔਰਤ ਜੱਦ ਉਸ ਲਿਬਾਸ ਨੂੰ ਪਹਿਣਦੀ ਹੈ ਜੋ ਆਦਮੀ ਲਈ ਬਣਿਆ ਹੈ । ਇਹ ਪਰਮੇਸ਼ੁਰ ਲਈ ਘਿਣਾਉਣਾ ਹੈ। ਕੀ ਤੁਸੀਂ ਕਦੇ ਅਜਿਹੀ ਚੀਜ ਨੇੜੇ ਗਏ ਹੋ ਜਿਹੜੀ ਘਿਨਾਉਣੀ ਹੈ? ਇਹ ਤਹਾਨੂੰ ਕਿੰਨਾ ਦੁਖੀ ਕਰ ਦਿੰਦੀ ਹੈ! ਤੁਸੀਂ ਇਸ ਨੂੰ ਸਹਿ ਨਹੀਂ ਸਕਦੇ । ਇੱਕ ਔਰਤ ਜਿਹੜੀ ਅਜਿਹੇ ਕਪੜੇ ਪਹਿਣਦੀ ਹੈ ਜਿਹੜੇ ਆਦਮੀ ਲਈ ਹਨ, ਤਦ ਪਰਮੇਸ਼ੁਰ ਨੂੰ ਉਸੇ ਤਰਾਂ ਮਹਿਸੂਸ ਹੁੰਦਾ ਹੈ; ਤੁਸੀਂ ਭਾਂਵੇ ਗੀਤ ਮੰਡਲੀ ਵਿੱਚ ਗੀਤ ਗਾ ਸਕਦੇ ਹੋ, ਤੁਸੀਂ ਭਾਵੇਂ ਰੋਜ ਪ੍ਰਾਥਨਾ ਕਰ ਸਕਦੇ ਹੋ ਅਤੇ ਰੋਜ ਚਿਲਾ ਸਕਦੇ ਹੋ ਅਤੇ ਹਰੇਕ ਦਿਨ ਨੂੰ ਪਰਮੇਸ਼ੁਰ ਲਈ ਜੀ ਸਕਦੇ ਹੋ, ਪਰਮੇਸ਼ੁਰ ਦੀ ਹਜੂਰੀ ਵਿੱਚ ਤੁਸੀਂ ਦੋਸ਼ੀ ਸਾਬਤ ਹੋ ਚੁਕੇ ਹੋ । ਇਹ ਤਾਂ ਬਿਲਕੁਲ ਉਹੀ ਹੈ ਜੋ ਵਚਨ ਕਹਿੰਦਾ ਹੈ, "ਇੱਕ ਘਿਨਾਉਣੀ ਚੀਜ!" ਅਤੇ ਜਿਹੜੇ ਅਜਿਹੇ ਲੋਕਾਂ ਦਾ ਸਮਰਥਨ ਕਰਦੇ ਹਨ, ਉਹਨਾਂ ਦਾ ਹਿੱਸਾ ਵੀ ਉਹਨਾਂ ਦੇ ਨਾਲ ਹੋਵੇਗਾ ।

116 ਪਰਮੇਸੁਰ ਸਾਨੂੰ ਅਜਿਹੇ ਲੋਕਾਂ ਦੇ ਵਿਰੋਧ ਵਿੱਚ ਖੜੇ ਹੋਣ ਦੇ ਲਈ ਕਿਰਪਾ ਦਵੇ । ਜੇ ਤਹਾਨੂੰ ਇੱਕਲੇ ਵੀ ਖੜਾ ਹੋਣਾ ਪਵੇ, ਉਥੇ ਹੀ ਖੜੇ ਰਹੋ ਅਤੇ ਪਰਮੇਸ਼ੁਰ ਦੇ ਵਚਨ ਨੂੰ ਆਪਣੇ ਹੱਥ ਵਿੱਚ ਫੜੀ ਰਖੋ । ਇਹ ਕਦੇ ਵੀ ਅਸਫਲ ਨਹੀਂ ਹੋਵੇਗਾ ।

117 ਹੁਣ, ਅਸੀਂ ਅਜਿਹੇ ਦਿਨ ਵਿੱਚ ਆ ਗਏ ਹਾਂ, ਜਿਥੇ, ਲੋਕਾਂ ਦੇ ਘਿਨਾਉਣੇ ਕੰਮ ਹਨ। ਅਤੇ ਦੂਤ ਦੁਬਾਰਾ ਮੋਹਰ ਲਾਉਣ ਲਈ ਨਿਕਲਿਆ ਹੈ। ਮੈਨੂੰ ਜੈਫਰਸਨਵਿਲੇ ਵਿੱਚ ਇੱਕ ਸ਼ਖਸ ਲਭ ਕੇ ਦਿਓ, ਜੇ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਕੌਣ ਅੰਦਰ ਜਾ ਸਕੇਗਾ, ਤਾਂ ਮੈਨੂੰ ਆਪਣੇ ਸ਼ਹਿਰ ਵਿੱਚ ਇੱਕ ਸ਼ਖਸ ਲਭ ਦਿਓ ਜਿਹੜਾ ਹਉਕੇ ਭਰਦਾ ਅਤੇ ਰੌਂਦਾ ਹੋਵੇ, ਲਗਾਤਾਰ ਫਿਕਰਮੰਦ ਅਤੇ ਥੱਕਿਆ ਹੋਇਆਅਤੇ ਉਹਨਾਂ ਘਿਨਾਉਣੇ ਕੰਮਾਂ ਲਈ ਪ੍ਰਾਰਥਨਾ ਕਰਦਾ ਹੋਵੇ ਜਿਹੜੇ ਇਸ ਸ਼ਹਿਰ ਵਿੱਚ ਹੁੰਦੇ ਹਨ। ਕੀ ਤੁਸੀਂ ਆਪਣਾ ਹੱਥ ਉੱਪਰ ਕਰ ਸਕਦੇ ਹੋ ਅਤੇ ਅਜਿਹੇ ਇੱਕ ਸ਼ਖਸ ਬਾਰੇ ਦੱਸ ਸਕਦੇ ਹੋ? ਤਾਂ ਫਿਰ ਇਸ ਲਿਖਤ ਨੂੰ ਲੈ ਲਵੋ, “ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜਿਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ”। ਬੱਸ ਅਜਿਹੇ ਲੋਕ ਹੀ ਮੋਹਰਬੰਦ ਕੀਤੇ ਜਾਣਗੇ।

118 ਔਹ, ਮੈਂ ਤਹਾਨੂੰ ਬਥੇਰੇ ਲੋਕ ਵਿਖਾ ਸਕਦਾ ਹਾਂ ਜਿਹੜੇ ਗਿਰਜੇ ਜਾਂਦੇ ਹਨ। ਮੈਂ ਤਹਾਨੂੰ ਗੀਤ ਮੰਡਲੀਆਂ ਵਿੱਚ ਗਾਉਂਦੇ ਬਹੁਤ ਸਾਰੇ ਲੋਕ ਵਿਖਾ ਸਕਦਾ ਹਾਂ। ਅਜਿਹੇ ਬਥੇਰੇ ਲੋਕ ਵਿਖਾ ਸਕਦਾ ਹਾਂ ਜਿਹੜੇ ਸੰਡੇ ਸਕੂਲ ਵਿੱਚ ਸਿਖਾਉਂਦੇ ਹਨ। ਮੈਂ ਤਹਾਨੂੰ ਅਜਿਹੇ ਬਥੇਰੇ ਲੋਕ ਵਿਖਾ ਸਕਦਾ ਹਾਂ ਜਿਹੜੇ ਮਹਾਨ ਸਮਾਜਾਂ ਦੇ ਮੁਖੀ ਹਨ। ਮੈਂ ਤਹਾਨੂੰ ਬਹੁਤ ਸਾਰੇ ਲੋਕ ਵਿਖਾ ਸਕਦਾ ਹਾਂ ਜਿਹੜੇ ਚਿਲਾਉਂਦੇ ਹਨ, ਜਿਹੜੇ ਗੈਰ ਜੁਬਾਨਾਂ ਵਿੱਚ ਬੋਲਦੇ ਹਨ, ਬਥੇਰੇ ਅਜਿਹੇ ਲੋਕ ਵਿਖਾ ਸਕਦਾ ਹਾਂ ਜਿਹੜੇ ਇੰਜੀਲ ਦਾ ਪਰਚਾਰ ਕਰਦੇ ਹਨ।

119 ਪਰ ਮੈਨੂੰ ਅਜਿਹਾ ਇੱਕ ਸ਼ਖਸ ਵਿਖਾਓ ਜਿਹੜਾ ਜਗਤ ਦੇ ਪਾਪਾਂ ਦੇ ਕਾਰਨ ਆਪਣੇ ਦਿਲ ਦੀ ਗਹਿਰਾਈ ਤੋਂ ਬਹੁਤ ਚਿੰਤਿਤ ਹੁੰਦਾ ਹੈ! ਮੈਨੂੰ ਇੱਕ ਪਰਚਾਰਕ ਵਿਖਾਓ ਜਿਹੜਾ ਅੱਜ ਖੜਾ ਹੋ ਸਕਦਾ ਹੈ ਅਤੇ ਨਾਮਧਾਰੀ ਕਲੀਸਿਯਾਂ ਦੀ ਨਿੰਦਾ ਕਰ ਸਕਦਾ ਹੈ।ਮੈਨੂੰ ਇੱਕ ਪ੍ਰਚਾਰਕ ਵਿਖਾਓ ਜਿਹੜਾ ਖੜਾ ਹੋ ਸਕਦਾ ਹੈ ਅਤੇ ਅਜਿਹੀਆਂ ਗਲਾਂ ਕਹਿ ਸਕਦਾ ਹੈ, ਅਤੇ ਉਹਨਾਂ ਨਾਮਧਾਰੀ ਕਲੀਸਿਯਾਂ ਦੀ ਨਿੰਦਾ ਕਰ ਸਕਦਾ ਹੈ। ਚੰਗਾ ਹੋਵੇਗਾ ਕਿ ਉਹ ਨਾ ਕਰੇ, ਉਸ ਨੂੰ ਲੱਤ ਮਾਰ ਕੇ ਬਾਹਰ ਕਢ ਦਿੱਤਾ ਜਾਵੇਗਾ, ਇਹ ਉਸਦੀ ਰੋਜੀ ਰੋਟੀ ਹੈ।

120 ਕੋਈ ਹੈਰਾਨੀ ਨਹੀਂ ਕਿ ਬਿਲੀ ਗ੍ਰਾਹਮ ਨੇ ਜੈਕ ਮੂਰ ਨੂੰ ਦੱਸਿਆ, ਕਿਹਾ, ਕੀ ਤੁਸੀਂ ਵੇਖਿਆ ਮੇਰੀਆਂ ਸਭਾਵਾਂ ਕਿਵੇਂ ਖੜ੍ਹੀਆਂ ਹਨ, ਕਿਹਾ, “ਉਹ ਬੈਪਟਿਸਟ ਨਹੀਂ ਹੈ, ਨਾ ਹੀ ਉਹ ਮੈਥੋਡਿਸਟ ਜਾਂ ਪੈਂਟੀਕੋਸਟਲ ਹੈ”। ਕਿਹਾ, “ਅਤੇ ਉਹ ਸਾਰੇ ਉਸ ਦੇ ਖਿਲਾਫ਼ ਹਨ”। ਯਕੀਨਨ, ਮੈਂ ਇਹ ਇਹ ਨਹੀਂ ਕਹਿ ਰਿਹਾ ਕਿ...ਜਿਸ ਕਰਕੇ ਮੈਂ ਇਹ ਕਿਹਾ, ਮੈਂ ਇਹ ਬਾਹਰ ਦੇ ਲੋਕਾਂ ਵਿਚ

ਨਹੀਂ ਕਹਿ ਸਕਦਾ। ਮੈਂ ਇਹ ਆਪਣੀ ਕਲੀਸਿਯਾ ਨੂੰ ਆਖਦਾ ਹਾਂ। ਮੈਂ ਇੱਕ ਸੰਘਰਸ਼ ਕਰ ਰਿਹਾ ਹਾਂ, ਕਿਉਂਕਿ ਪਰੀਖਿਆ ਦੀ ਘੜੀ ਮੇਰੇ ਉੱਤੇ ਹੈ।

121 ਉਹ ਆਖਦੇ ਹਨ, "ਜੇ ਤੁਸੀਂ ਆਓਗੇ, ਤਾਂ ਇਹ ਬਿਲਕੁਲ ਠੀਕ ਹੈ, ਪਰ ਤੁਸੀਂ ਉਸ ਬਾਰੇ ਕੁਝ ਨਾ ਕਹਿਣਾ" ।ਤੁਸੀਂ ਆਪਣੀ ਸਿਖਿਆ ਆਪਣੇ ਕੋਲ ਹੀ ਰਖੋ।

122 ਮੈਂ ਉਹੀ ਪ੍ਰਚਾਰ ਕਰਾਂਗਾ ਜੋ ਪਰਮੇਸ਼ੁਰ ਨੇ ਪਰਚਾਰ ਕਰਨ ਲਈ ਕਿਹਾ ਹੈ! ਇਹ ਸਹੀ ਹੈ। ਉਹਨਾਂ ਅੱਠਾਂ ਵਿਚੋਂ ਇੱਕ ਕਿਸੇ ਥਾਂ ਤੇ ਹੋਵੇਗਾ। ਉਹਨਾਂ ਵਿਚੋਂ ਇੱਕ ਕਿਸੇ ਥਾਂ ਤੇ ਹੋਵੇਗਾ। ਪਰ ਉਸ ਦਿਨ ਮੈਂ ਇਸ ਕਾਰਨ ਦੋਸ਼ੀ ਨਹੀਂ ਠਹਿਰਣਾ ਚਾਹੁੰਦਾ ਕਿਓਂਕਿ ਮੈਂ ਕਿਸੇ ਮੱਤ ਜਾਂ ਕਿਸੇ ਕਲੀਸਿਯਾ ਦੇ ਸਿਧਾਂਤ ਜਾਂ ਕਿਸੇ ਨਾਮਧਾਰੀ ਕਲੀਸਿਯਾ ਦੇ ਕਾਰਨ ਸਮਝੌਤਾ ਕੀਤਾ। ਮੈਂ ਸੱਚ ਦਾ ਪਰਚਾਰ ਕੀਤਾ ਹੈ!

123 ਉਹ ਆਖਦੇ ਹਨ, "ਕਿਉਂ ਤੁਸੀਂ, ਭਾਈ ਬ੍ਰਾਨਹਾਮ, ਕਿਉਂ ਤੁਹਾਡੀ ਸੇਵਕਾਈ, ਜੋ ਬਹੁਤ ਮਹਾਨ ਸੇਵਕਾਈ ਲਗਦੀ ਹੈ, ਇਹ ਉਸ ਤਰਾਂ ਕਿਓਂ ਮਸਹੂਰ ਨਹੀਂ ਹੋ ਰਹੀ ਜਿਵੇਂ ਹੋਰ ਮਨੁੱਖਾਂ ਦੀ ਹੋ ਰਹੀ ਹੈ?"

124 ਇਹੀ ਤਾਂ ਗਲ ਹੈ। ਇਹੀ ਗਲ ਹੈ। ਮੈਂ ਸ਼ਹਿਰ ਵਿੱਚ ਜਾਂਦਾ ਹਾਂ, ਕੀ ਤੁਸੀਂ ਸੋਚਦੇ ਹੋ ਕਿ ਅਸੈਂਬਲੀਜ ਆਫ਼ ਗੋਡ ਵਾਲੇ ਮੇਰੇ ਨਾਲ ਸਹਿਯੋਗ ਕਰਣਗੇ? ਉਹ ਉਸ ਨਾਲ ਸਹਿਯੋਗ ਨਹੀਂ ਕਰਣਗੇ ਜੋ ਮੈਂ ਵਿਸ਼ਵਾਸ ਕਰਦਾ ਹਾਂ, ਉਹ ਨਹੀਂ ਕਰਣਗੇ। ਕੀ ਤੁਸੀਂ ਸੋਚਦੇ ਹੋ ਕਿ ਮੈਥੋਡਿਸਟ ਸਹਿਯੋਗ ਕਰਣਗੇ? ਕੋਸ਼ਿਸ ਕਰੋ, ਅਤੇ ਪਤਾ ਲਗਾਓ। ਇੱਕ ਹਫਤੇ ਲਈ ਮੇਰਾ ਪ੍ਰਬੰਧਕ ਬਣ ਕੇ ਵੇਖੋ। ਜੇ ਤੁਸੀਂ ਅੰਦਰ ਜਾਵੋਗੇ, ਤਾਂ ਤੁਸੀਂ ਯਿਸੂ ਦੇ ਨਾਮ ਵਿੱਚ ਜਾਵੋਗੇ। ਇਹ ਸਹੀ ਹੈ।

125 ਔਹ, ਬੇਸ਼ਕ, ਉਹ ਤਹਾਨੂੰ ਉਥੇ ਲੈ ਜਾਣਗੇ, ਯਕੀਨਨ, ਉਹ ਤਹਾਨੂੰ ਕਿਸੇ ਥਾਂ ਤੇ ਲੈ ਜਾਣਗੇ, ਅਤੇ ਇਸ ਤਰਾਂ ਕਿ ਤੁਸੀਂ ਕਿਸੇ ਵੀ ਤਰਾਂ ਉਹਨਾਂ ਨਾਲ ਸੰਪਰਕ ਨਾ ਬਣਾ ਸਕੋ। ਅਤੇ ਫਿਰ ਜਦ ਤੁਸੀਂ ਚਲੇ ਜਾਵੋਗੇ, ਕਹਿਣਗੇ, "ਔਹ, ਹੁਣ, ਭਾਈ ਬ੍ਰਾਨਹਾਮ ਦਿਮਾਗੋਂ ਥੋੜਾ ਜਿਹਾ ਸਹੀ ਨਹੀਂ ਹੈ, ਤੁਸੀਂ ਜਾਣਦੇ ਹੋ। ਉਹ..."

126 ਜੇ ਮੇਰਾ ਦਿਮਾਗ ਸਹੀ ਨਹੀਂ ਹੈ, ਤਾਂ ਬਾਈਬਲ ਦੀ ਸਿੱਖਿਆ ਵੀ ਸਹੀ ਨਹੀਂ ਹੈ। ਇਹ ਉਹੀ ਹੈ ਜੋ ਬਾਈਬਲ ਨੇ ਕਿਹਾ ਹੈ! ਹਾਂ, ਸ਼੍ਰੀ ਮਾਨ। ਧਿਆਨ ਦਿਓ!

127 ਯਿਸੂ ਨੇ ਕਿਹਾ, "ਤੁਸੀਂ ਮੈਨੂੰ 'ਬਆਲਜਬੂਬ' ਕਿਓਂ ਆਖਦੇ ਹੋ? ਤੁਸੀਂ ਸੁਲੇਮਾਨ ਤੇ ਵਿਸ਼ਵਾਸ ਕਰਦੇ ਹੋ, ਉਸ ਦੀ ਸਮਝਦਾਰੀ ਬਾਰੇ ਜਾਣਦੇ ਹੋ।

ਤੁਸੀਂ ਉਹਦੇ ਦਿਨ ਤੇ ਵਿਸ਼ਵਾਸ ਕੀਤਾ ।ਦੱਖਣ ਦੀ ਰਾਣੀ ਧਰਤੀ ਦੇ ਸਭ ਤੋਂ ਦੂਰ ਸਥਿਤ ਹਿੱਸੇ ਤੋਂ ਉਸ ਵਰਦਾਨ ਨੂੰ ਵੇਖਣ ਲਈ ਆਈ, ਅਤੇ ਜੱਦ ਉਸ ਨੇ ਇਹ ਵੇਖਿਆ ਤਾਂ ਉਸ ਨੇ ਵਿਸ਼ਵਾਸ ਕੀਤਾ । ਅਤੇ ਤੁਸੀਂ ਇਥੇ ਬੈਠ ਕੇ ਰੋਜ ਇਸ ਨੂੰ ਵੇਖਦੇ ਹੋ, ਅਤੇ ਇਸ ਤੇ ਵਿਸ਼ਵਾਸ ਨਹੀਂ ਕਰਦੇ" ।

128 ਅਤੇ ਉਸ ਦੇ ਆਪਣੇ ਭਰਾ ਉਸ ਤੇ ਵਿਸ਼ਵਾਸ ਨਹੀਂ ਕਰਦੇ ਸਨ । ਉਹਨਾਂ ਪੁਛਿਆ, "ਤੂੰ ਤਿਉਹਾਰ ਤੇ ਜਾ ਰਿਹਾ ਹੈ," ਉਸ ਨੇ ਕਿਹਾ, "ਪਰ ਮੈਂ ਅਜੇ ਨਹੀਂ ਜਾਵਾਂਗਾ" । ਉਹ ਕਿਸੇ ਹੋਰ ਰਾਹ ਚਲਾ ਗਿਆ, ਕਿਓਂਕਿ ਉਸ ਦੇ ਆਪਣੇ ਭਰਾ ਉਸ ਤੇ ਵਿਸ਼ਵਾਸ ਨਹੀਂ ਕਰਦੇ ਸਨ । ਇਹ ਸਹੀ ਹੈ ।ਕਿਓਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ ।

129 ਜੱਦ ਚੇਲਿਆਂ ਦੀ ਪਰੀਖਿਆ ਦਾ ਸਮਾਂ ਆਇਆ, ਤਾਂ ਉਹ ਕਿਥੇ ਸਨ? ਇੱਕ ਔਰਤ ਅਤੇ ਇੱਕ ਮਨੁੱਖ ਉਸ ਦੇ ਨਾਲ ਸਲੀਬ ਕੋਲ ਖੜੇ ਸਨ, ਯੁਹੰਨਾ ਅਤੇ ਮਰਿਯਮ ।ਉਹਨਾਂ ਵਿਚੋਂ ਬਾਕੀ ਚਲੇ ਗਏ ਸਨ ।

130 ਇਹ ਪ੍ਰੀਖਿਆ ਦਾ ਸਮਾਂ ਹੈ । ਇਹੀ ਸਮਾਂ ਹੈ । ਇਹ ਉਹੀ ਸਮਾਂ ਹੈ ਜੱਦ ਪਰਮੇਸ਼ੁਰ ਕੁਝ ਚੀਜਾਂ ਨੂੰ ਕਰ ਰਿਹਾ ਹੈ । ਇਹ ਉਹੀ ਸਮਾਂ ਹੈ ਜਦ ਮਸੀਹਾ ਧਰਤੀ ਉੱਤੇ ਹੈ । ਇਹ ਉਹੀ ਸਮਾਂ ਹੈ ਜਦ ਪਰਮੇਸ਼ੁਰ ਦੀ ਸਮਰਥ ਉਸ ਦੇ ਲੋਕਾਂ ਵਿੱਚ ਕੰਮ ਕਰ ਰਹੀ ਹੈ । ਅਤੇ ਉਹ ਉਹਨਾਂ ਨੂੰ "ਪਵਿੱਤਰ-ਪਖੰਡੀ, ਪਾਗਲ, ਝੱਲੇ" ਕਹਿ ਕੇ ਬੁਲਾਉਂਦੇ ਹਨ । ਪਰ ਉਹ ਘੜੀ ਆ ਪਹੁੰਚੀ ਹੈ ।

131 ਇਹ ਪੱਕੀ ਗਲ ਹੈ ਕਿ ਨਿਆਂ ਦੇ ਸਮੇਂ ਬਹੁਤ ਸਾਰੀਆਂ ਨਿਰਾਸ਼ਤਾਵਾਂ ਹੋਣਗੀਆਂ ।

132 ਔਹ, ਅਵੈਧ ਸ਼ਰਾਬ ਦਾ ਧੰਦਾ ਕਰਨ ਵਾਲਾ, ਉਹ ਇਹ ਜਾਣਦਾ ਹੈ ਕਿ ਉਹ ਨਿਆਂ ਦੇ ਵੇਲੇ ਉਹ ਕਿਥੇ ਜਾਵੇਗਾ ।ਇਸੇ ਤਰਾਂ ਬੀਅਰ ਬਣਾਉਣ ਵਾਲਾ ਵੀ ਜਾਣਦਾ ਹੈ ਕਿ ਉਹ ਕਿਥੇ ਹੋਵੇਗਾ । ਇਸੇ ਤਰਾਂ ਵੇਸ਼ਵਾ ਵੀ ਜਾਣਦੀ ਹੈ ਕਿ ਉਹ ਕਿਥੇ ਖੜੀ ਹੋਵੇਗੀ । ਇਸੇ ਤਰਾਂ ਜੁਆਰੀ ਵੀ ਜਾਣਦਾ ਹੈ ਕਿ ਉਹ ਕਿਥੇ ਖੜਾ ਹੋਵੇਗਾ । ਇਸੇ ਤਰਾਂ ਸ਼ਰਾਬੀ ਵੀ ਜਾਣਦਾ ਹੈ ਕਿ ਉਹ ਕਿਥੇ ਖੜਾ ਹੋਵੇਗਾ । ਉਹ ਨਿਰਾਸ਼ ਨਹੀਂ ਹੋਵੇਗਾ ।

133 ਪਰ ਨਿਰਾਸ਼ਾ ਕਿਥੇ ਹੋਵੇਗੀ, ਉਹ ਲੋਕ ਨਿਰਾਸ਼ ਹੋਣਗੇ ਜੋ ਸੋਚਦੇ ਸਨ ਕਿ ਉਹ ਸਹੀ ਸਨ । ਉਥੇ ਹੀ ਨਿਰਾਸ਼ਾ ਹੋਵੇਗੀ । "ਜੱਦ ਉਹ ਉਸ ਜਗਾ ਤੇ ਜਾਣਗੇ, ਕਹਿਣਗੇ, 'ਯਕੀਨਨ, ਅਸੀਂ ਤੇਰੇ ਨਾਮ ਵਿੱਚ ਦੁਸ਼ਟ ਆਤਮਿਆਂ ਨੂੰ ਕਢਿਆ । ਅਸੀਂ ਪ੍ਰਚਾਰਕ ਹਾਂ । ਅਸੀਂ ਫਲਾਣੀ—ਫਲਾਣੀ ਕਲੀਸਿਯਾ ਨਾਲ ਸਮਬੰਧ ਰਖਦੇ ਹਾਂ । ਅਸੀਂ ਬੜੇ ਚਮਤਕਾਰ ਕੀਤੇ ਹਨ । ਔਹ, ਅਸੀਂ

ਪਰਚਾਰ ਕੀਤਾ! ਕਿਓਂਕਿ, ਮੈਂ ਇੱਕ—ਮੈਂ ਕਲੀਸਿਯਾ ਵਿੱਚ ਇੱਕ ਪ੍ਰਬੰਧਕ ਰਿਹਾ ਹਾਂ। ਮੈਂ ਬਿਸ਼ਪ ਰਿਹਾ ਹਾਂ। ਮੈਂ *ਇਹ* ਰਿਹਾ ਹਾਂ'। ਹੇ ਬੁਰਿਆਰੋ, ਮੇਰੇ ਕੋਲੋਂ ਦੂਰ ਹੋ ਜਾਓ, ਮੈਂ ਤਾਂ ਤਹਾਨੂੰ ਜਾਣਦਾ ਵੀ ਨਹੀਂ"। ਇਥੇ ਹੋ ਤੁਸੀਂ। ਇਹ ਹੈ ਨਿਰਾਸ਼ਾ। ਉਸ ਨੇ ਕਿਹਾ, "ਉਹਨਾਂ ਦੀ ਸੰਤਾਨ ਦੀ ਸੰਤਾਨ ਅੰਦਰ ਆ ਜਾਵੇਗੀ ਅਤੇ ਰਾਜ ਵਿੱਚ ਬੈਠ ਜਾਵੇਗੀ, ਆਖਣਗੇ, 'ਸਾਨੂੰ ਇਥੇ ਹੋਣ ਦਾ ਹੱਕ ਹੈ,' ਅਤੇ ਉਹ ਬਾਹਰ ਅੰਧਕਾਰ ਵਿੱਚ ਸੁੱਟੇ ਜਾਣਗੇ, ਜਿਥੇ ਰੋਣਾ, ਵਿਰਲਾਪ ਕਰਨਾ ਅਤੇ ਦੰਦਾ ਦਾ ਪੀਹਣਾ ਹੋਵੇਗਾ"। "ਕਿਓਂਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜਿਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ"।

134 ਤੁਹਾਡੇ ਲਈ, ਮੇਰੇ ਪਿਆਰੇ ਲੋਕੋ, ਅੱਜ ਸਵੇਰੇ, ਇਸ ਨੂੰ ਸੁਣੋ।ਮੈਂ ਇਹ ਗਲਾਂ ਆਪ ਹੀ ਨਹੀਂ ਬਣਾਈਆਂ। ਇਸ ਨੂੰ ਦੱਸਣਾ ਮੇਰੀ ਜਿੰਮੇਵਾਰੀ ਹੈ। ਇਹੀ ਸਭ ਦੇ ਲਈ ਹੀ ਤਾਂ ਮੈਂ ਜਿੰਮੇਵਾਰ ਹਾਂ। ਜੇ ਮੈਂ ਆਪਣੀ ਜਿੰਦਗੀ ਵਿੱਚ ਕਦੇ ਵੀ ਕੋਈ ਹੋਰ ਉਪਦੇਸ਼ ਪਰਚਾਰ ਨਾ ਕਰਾਂ, ਇਹ ਸੱਚਾਈ ਹੈ: ਬੱਸ ਥੋੜੇ ਜਿਹੇ ਲੋਕ ਹੀ ਬਚਾਏ ਜਾਣਗੇ। ਬੱਸ ਇਹ ਯਾਦ ਰਖਣਾ: ਬਹੁਤ ਹੀ ਥੋੜੇ ਜਿਹੇ। ਤੁਸੀਂ ਉਹਨਾਂ ਵਿਚੋਂ ਇੱਕ ਬਣਨਾ।

135 "ਉਹ ਕੌਣ ਹਨ, ਭਾਈ ਬ੍ਰਾਨਹਾਮ?" ਮੈਂ ਨਹੀਂ ਜਾਣਦਾ। ਹੋਰ ਕੋਈ ਵੀ ਨਹੀਂ ਜਾਣਦਾ। ਅਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਹੀ ਮੁਕਤੀ ਲਈ ਕੰਮ ਕਰਦੇ ਹਾਂ।

136 ਪਰ ਤੁਸੀਂ ਪਰਮੇਸੁਰ ਦੇ ਨਾਲ ਸਹੀ ਹੋ ਜਾਓ।ਜੇ ਤੁਹਾਡਾ ਦਿਲ ਬਾਈਬਲ ਦੇ ਨਾਲ ਨਹੀਂ ਧੜਕਦਾ, ਤਾਂ ਫਿਰ ਕੁਝ ਤਾਂ ਗਲਤ ਹੈ, ਕੁਝ ਤਾਂ ਗਲਤ ਹੈ। ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡੀ ਕਲੀਸਿਯਾ ਕੀ ਆਖਦੀ ਹੈ, ਤੁਸੀਂ ਉਸ ਨਾਲ ਅੰਦਰ ਪ੍ਰਵੇਸ਼ ਨਹੀਂ ਕਰ ਸਕਦੇ। ਤੁਸੀਂ ਉਸ ਨਾਲ ਅੰਦਰ ਜਾਓਗੇ ਜੋ ਪਰਮੇਸ਼ੁਰ ਨੇ ਕਿਹਾ ਹੈ। ਬਾਈਬਲ, ਇਹ ਉਹ ਕਿਤਾਬ ਹੈ ਜਿਸ ਦੁਆਰਾ ਤੁਹਾਡਾ ਨਿਆਂ ਕੀਤਾ ਜਾਵੇਗਾ।ਇਸ ਦੇ ਨਾਲ ਰਹੋ!

137 "ਔਹ," ਤੁਸੀਂ ਕਹਿੰਦੇ ਹੋ, "ਅੱਛਾ, ਮੈਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਹੈ"। ਇਹ ਸਹੀ ਹੈ, ਇਹ ਬਾਈਬਲ ਹੈ। ਪਰ ਜੇਕਰ ਉਹ ਜੀਵਨ ਇਸ ਦੇ ਪਿੱਛੇ ਨਹੀਂ ਚਲਦਾ, ਤਾਂ ਬਪਤਿਸਮਾ ਲੈਣ ਨਾਲ ਤੁਹਾਡਾ ਕੋਈ ਭਲਾ ਨਹੀਂ ਹੁੰਦਾ।

138 ਤੁਸੀਂ ਆਖਦੇ ਹੋ, "ਅੱਛਾ, ਮੈਨੂੰ ਪਵਿੱਤਰ ਆਤਮਾ ਮਿਲਿਆ ਹੈ"। ਇਹ ਚੰਗਾ ਹੈ, ਇਹ ਉਹੀ ਹੈ ਜੋ ਤਹਾਨੂੰ ਕਰਨਾ ਚਾਹੀਦਾ ਸੀ। ਪਰ ਜੇ ਉਸ ਦੇ ਅੰਦਰ ਜੀਵਨ ਨਹੀਂ ਹੈ!

139 ਯਾਦ ਰੱਖਣਾ, ਜੰਗਲੀ ਬੂਟੀ ਨੂੰ ਵੀ ਉਹੀ ਸਮਰਥ ਮਿਲਦੀ ਹੈ ਜਿਹੜੀ ਕਣਕ ਨੂੰ ਉਗਾਉਣ ਲਈ ਉਸ ਦੇ ਉੱਤੇ ਪੈਂਦੀ ਹੈ, ਇਸ ਨਾਲ ਜੰਗਲੀ ਬੂਟੀ ਵੀ ਚਿਲਾਉਂਦੀ ਹੈ । ਪੁਰਾਣੀ ਜੰਗਲੀ ਬੂਟੀ ਬਿਲਕੁਲ ਸਿਧੀ ਖੜੀ ਹੋ ਜਾਂਦੀ ਹੈ ਅਤੇ ਕਣਕ ਵਾਂਗ ਹੀ ਖੁਸ਼ ਹੁੰਦੀ ਹੈ । ਇਹ ਸਹੀ ਹੈ, ਉਸੇ ਜੀਵਨ ਦੁਆਰਾ ਜਿਉਂਦੀ ਰਹਿੰਦੀ ਹੈ । ਅਤੇ ਇੱਕ ਪਾਪੀ ਪਰਮੇਸ਼ੁਰ ਦੀ ਹਜੂਰੀ ਵਿੱਚ ਰਹਿ ਸਕਦਾ ਹੈ, ਜਿੱਤ ਦੇ ਲਲਕਾਰੇ ਮਾਰ ਸਕਦਾ ਹੈ, ਅਤੇ ਇੱਕ ਮਸੀਹੀ ਵਾਂਗ ਰਹਿ ਸਕਦਾ ਹੈ ।ਪਰ ਜੇ ਦਿਲ ਵਿੱਚ ਕੁਝ ਵੀ ਵੱਖਰਾ ਨਹੀਂ ਹੈ! ਉਸ ਕੋਲ ਦੁਸ਼ਟ ਆਤਮਿਆਂ ਨੂੰ ਬਾਹਰ ਕਢਣ ਲਈ ਉਹੀ ਸਮਰਥ ਹੋ ਸਕਦੀ ਹੈ । ਯਿਸੂ ਨੇ ਇਹ ਕਿਹਾ ਸੀ । ਉਹ ਇੰਜੀਲ ਦਾ ਉਨਾਂ ਹੀ ਵਧੀਆ ਪਰਚਾਰ ਕਰ ਸਕਦਾ ਹੈ ਜਿੰਨਾ ਕੋਈ ਵੀ ਹੋਰ ਪ੍ਰਚਾਰਕ ਕਰ ਸਕਦਾ ਹੋਵੇ । ਇਹ ਬਿਲਕੁਲ ਉਹੀ ਹੈ ਜੋ ਯਿਸੂ ਨੇ ਕਿਹਾ ਸੀ । ਬਾਈਬਲ ਇਸ ਦੀ ਸਿੱਖਿਆ ਦੇਂਦੀ ਹੈ । ਹਾਂ, ਸ਼੍ਰੀ ਮਾਨ । "ਭਾਵੇਂ ਮੈਂ ਮਨੁੱਖਾਂ ਅਤੇ ਸਵਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ, ਭਾਵੇਂ ਮੈਂ ਆਪਣਾ ਸ਼ਰੀਰ ਬਲੀਦਾਨ ਕਰਕੇ ਸਾੜਨ ਲਈ ਦੇ ਦਿਆਂ, ਮੈਂ ਆਪਣਾ ਸਾਰਾ ਮਾਲ ਕੰਗਾਲਾਂ ਨੂੰ ਖਵਾਉਣ ਲਈ ਦੇ ਦਿਆਂ, ਮੈਂ—ਮੈਂ ਅਜਿਹੀ ਨਿਹਚਾ ਰੱਖਾਂ ਭਈ ਪਹਾੜਾਂ ਨੂੰ ਹਟਾ ਦਿਆਂ, ਇਹ ਸਭ ਚੀਜਾਂ ਕਰਾਂ, ਮੈਂ ਉਸ ਦੇ ਨਾਮ ਵਿੱਚ ਪਰਚਾਰ ਕਰਾਂ, ਮੈਂ ਉਸ ਦੇ ਨਾਮ ਵਿੱਚ ਦੁਸਟ ਆਤਮਿਆਂ ਨੂੰ ਕੱਢਾਂ," ਉਸਨੇ ਕਿਹਾ, "ਮੈਂ ਕੁਝ ਵੀ ਨਹੀਂ ਹਾਂ" । ਇਸ ਲਈ ਉਹ ਇਹ ਸਭ ਕੁਝ ਕਰ ਸਕਦਾ ਹੈ ਅਤੇ "ਕੁਝ ਨਹੀਂ" ਹੋ ਸਕਦਾ ਹੈ । "ਸਮਝ ਲਗੀ?"

140 ਹੁਣ, ਜੋ ਕਰਨਾ ਹੈ, ਆਪਣੇ ਦਿਲ ਤੋਂ ਇੱਕ ਮਸੀਹੀ ਬਣ ਜਾਓ, ਹੁਣ ਭੀੜੇ ਫਾਟਕ ਰਾਹੀਂ ਅੰਦਰ ਪ੍ਰਵੇਸ਼ ਕਰੋ । ਕਿਉਂਕਿ, ਚੌੜਾ ਹੈ ਉਹ ਰਾਹ ਜਿਹੜਾ ਨਾਸ਼ ਨੂੰ ਜਾਂਦਾ ਹੈ ਅਤੇ ਇਸ ਪੀੜ੍ਹੀ ਦੇ ਵਿਸ਼ਵਾਸੀਆਂ ਵਿਚੋਂ ਲੱਖਾਂ ਦੇ ਕਰੋੜਾਂ ਗੁਣਾ ਲੋਕ ਉਸ ਅੰਦਰ ਚਲੇ ਜਾਣਗੇ । ਕਿਉਂਕਿ, ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ, ਕੇਵਲ ਤੁਸੀਂ ਅਤੇ ਮਸੀਹ ।

141 "ਤੰਗ ਹੈ ਉਹ ਰਾਹ ਜਿਹੜਾ ਜੀਵਨ ਨੂੰ ਜਾਂਦਾ ਹੈ ਅਤੇ ਜੋ ਇਸ ਨੂੰ ਲਭਦੇ ਹਨ ਸੋ ਵਿਰਲੇ ਹਨ" । ਹੁਣ, ਇਹ ਸਾਡੇ ਪ੍ਰਭੂ ਦਾ ਵਚਨ ਹੈ । ਹੇ ਮੇਰੇ ਪਰਮੇਸ਼ੁਰ! ਉਹ ਕੀ ਕਰ ਰਿਹਾ ਸੀ? ਉਸ ਥਾਂ ਤੇ ਖਲੋ ਕੇ, ਉਹ ਉਹਨਾਂ ਦੇ ਵਿਚਾਰਾਂ ਨੂੰ ਜਾਂਚ ਰਿਹਾ ਸੀ ।

142 ਅਤੇ ਉਸ ਨੇ ਕਿਹਾ, "ਉਹ ਬਆਲਜਬੂਬ ਹੈ । ਅੱਛਾ, ਉਹ ਪਰਮੇਸ਼ੁਰ ਕਿਵੇਂ ਹੋ ਸਕਦਾ ਹੈ? ਉਹ ਇੱਕ ਮਨੁੱਖ ਹੈ! ਇਹ ਗਿਆਨ ਕਿਥੋਂ ਆਇਆ?" ਉਹਨਾਂ ਨੇ ਇਹ ਉਸਦੇ ਆਪਣੇ ਹੀ ਸ਼ਹਿਰ ਵਿੱਚ ਕਿਹਾ ।

143 ਜਦੋਂ ਤੁਸੀਂ ਇਥੇ ਸ਼ਹਿਰ ਵਿੱਚ ਤੁਰਦੇ ਹੋ, ਇੰਝ ਲਗਦਾ ਹੈ…ਮੈਂ ਇਹ ਕਹਿ ਕੇ ਤੁਹਾਡਾ ਅਪਮਾਨ ਨਹੀਂ ਕਰਨਾ ਚਾਹੁੰਦਾ; ਤੁਸੀਂ ਮਸੀਹੀ ਲੋਕ ਹੋ, ਤੁਸੀਂ ਮੈਨੂੰ ਪਿਆਰ ਕਰਦੇ ਹੋ । ਤੁਸੀਂ ਇਸ ਸ਼ਹਿਰ ਵਿੱਚ ਚਲਦੇ ਹੋ, ਅਤੇ ਇੰਝ ਲਗਦਾ ਹੈ ਜਿਵੇਂ ਸ਼ਤਾਨ ਦੀ ਸ਼ਕਤੀ ਤਹਾਨੂੰ ਹੇਠਾਂ ਗਿਰਾ ਦੇਂਦੀ ਹੈ । ਇਹ ਜਗਾ ਦੋਸ਼ੀ ਠਹਿਰ ਚੁੱਕੀ ਹੈ । ਇਹ ਸ਼ਹਿਰ ਦੋਸ਼ੀ ਠਹਿਰ ਚੁਕਾ ਹੈ ।

144 ਬਿਲੀ ਗ੍ਰਾਹਮ ਨੇ ਉਸ ਵੇਲੇ ਕੀ ਕਿਹਾ ਸੀ ਜੱਦ ਉਸ ਨੇ ਲੂਯਿਵਿਲ ਸ਼ਹਿਰ ਅੰਦਰ ਪ੍ਰਵੇਸ਼ ਕੀਤਾ? ਉਸ ਨੇ ਕਿਹਾ ਇਹ “ਸਭ ਤੋਂ ਜਿਆਦਾ ਸ਼ਤਾਨ-ਸੰਚਾਲਿਤ ਥਾਂ” ਹੈ ਜੋ ਉਸ ਨੇ ਕਦੇ ਆਪਣੀ ਜਿੰਦਗੀ ਵਿੱਚ ਵੇਖੀ ਹੈ । ਇਸ ਨੂੰ ਅਖਬਾਰ ਵਿੱਚ ਦਿੱਤਾ, ਕਿਹਾ, “ਤੁਸੀਂ ਸ਼ਤਾਨ ਦੇ ਦਬਾਓ ਨੂੰ ਮਹਿਸੂਸ ਕਰ ਸਕਦੇ ਹੋ” ।

145 ਬੇਸ਼ਕ, ਮੈਂ ਇਸ ਨੂੰ ਮਹਿਸੂਸ ਕਰਾਂਗਾ । ਕਿਓਂ? ਇਹ ਮੇਰਾ ਆਪਣਾ ਘਰ ਹੈ । ਜਦੋਂ ਯਿਸੂ ਆਪਣੇ ਘਰ ਵਾਪਸ ਆਇਆ, ਉਸ ਨੇ ਕਿਹਾ ਕਿ ਉਹ ਬਹੁਤੇ ਵੱਡੇ ਕੰਮ ਨਾ ਕਰ ਸਕਿਆ, ਉਹਨਾਂ ਦੀ ਬੇਪ੍ਰਤੀਤੀ ਕਾਰਨ ।ਕਿਹਾ, “ਨਬੀ ਆਦਰ ਤੋਂ ਬਿਨਾ ਨਹੀਂ ਹੁੰਦਾ, ਇੱਕ ਪ੍ਰਚਾਰਕ, ਬਸ਼ਰਤੇ ਕਿ ਉਹ ਆਪਣੇ ਦੇਸ਼ ਵਿੱਚ ਨਾ ਹੋਵੇ, ਆਪਣੇ ਹੀ ਲੋਕਾਂ ਵਿੱਚ ਨਾ ਹੋਵੇ” । ਸਮਝੇ? ਤੁਸੀਂ ਇਸ ਵਿੱਚ ਕੁਝ ਨਹੀਂ ਕਰ ਸਕਦੇ, ਵਚਨ ਇਸ ਤਰਾਂ ਕਹਿੰਦਾ ਹੈ । ਸਮਝੇ?

146 ਹੁਣ, ਜਦੋਂ ਤੁਸੀਂ ਇਸ ਸ਼ਹਿਰ ਵਿੱਚ ਤੁਰਦੇ ਹੋ! ਅਤੇ ਇਹ ਨਾ ਕਹਿਣਾ ਕਿ ਮੈਨੂੰ ਪਤਾ ਨਹੀਂ ਲਗਦਾ । ਮੈਂ ਤੁਰਦੇ ਹੋਏ ਲੋਕਾਂ ਨੂੰ ਮਿਲਦਾ ਹਾਂ ਜੋ ਮੇਰੇ ਨਾਲ ਹੱਥ ਮਿਲਾ ਕੇ ਆਖਦੇ ਹਨ, “ਔਹ, ਭਾਈ ਬ੍ਰਾਨਹਾਮ, ਮੈਂ ਤੈਨੂੰ ਪਿਆਰ ਕਰਦਾ ਹਾਂ” । ਅਤੇ ਤੁਸੀਂ ਜਾਣਦੇ ਹੋ ਕਿ ਇਹ ਇੱਕ ਝੂਠ ਹੁੰਦਾ ਹੈ! ਤੁਸੀਂ ਜਾਣਦੇ ਹੋ ਕਿ ਇਹ ਇੱਕ ਝੂਠ ਹੈ । ਜੇ ਪਰਮੇਸ਼ੁਰ ਮੈਨੂੰ ਦਿਲਾਂ ਦੇ ਭੇਤ ਦੱਸਦਾ ਹੈ, ਤਾਂ ਉਹ ਮੈਨੂੰ ਇਹ ਕਿਓਂ ਨਹੀਂ ਦੱਸ ਸਕਦਾ?

147 ਪੱਕੀ ਗਲ ਹੈ, ਅਤੇ ਸਾਰੇ ਸ਼ਹਿਰ ਵਿੱਚ ਤੁਹਾਡੇ ਆਪਣੇ ਹੀ ਲੋਕਾਂ ਦੇ ਵਿਚਕਾਰ! ਜਦੋਂ ਉਹ ਤੁਹਾਨੂੰ ਮਿਲਦੇ ਹਨ, ਕਹਿਣਗੇ, “ਅੱਛਾ, ਤੁਸੀਂ ਜਾਣਦੇ ਹੋ, ਮੈਂ ਉਸ ਜਗਾ ਨੂੰ ਵੇਖਿਆ ਹੈ ਜਿਥੇ ਫਲਾਣੇ-ਫਲਾਣੇ…”

“ਕਿਥੇ? ਇਹ ਕਿਥੇ ਸੀ?”

“ਓਥੇ ਜਿਹੜਾ…”

“ਹੂੰ! ਅਸੀਂ ਉਸ ਬੰਦੇ ਨੂੰ ਜਾਣਦੇ ਹਾਂ!”

148 ਤੁਸੀਂ ਇਸ ਨੂੰ ਮਹਿਸੂਸ ਕਰੋ । ਮੈਂ ਤਹਾਨੂੰ ਦੱਸਦਾ ਹਾਂ, ਤੁਸੀਂ ਕਿਸੇ ਨੂੰ ਆਪਣੇ ਘਰ ਆਉਣ ਦਿਓ ਜੋ ਤਹਾਨੂੰ ਬਹੁਤ ਜਿਆਦਾ ਪਸੰਦ ਨਹੀਂ ਕਰਦਾ,

ਤੁਹਾਡੇ ਘਰ ਆ ਕੇ ਥੋੜਾ ਚਿਰ ਬੈਠਦਾ ਹੈ ਅਤੇ ਤੁਸੀਂ ਅਜੀਬ ਜਿਹਾ ਮਹਿਸੂਸ ਕਰੋਗੇ । ਹੁਣ ਇਸ ਨੂੰ ਚੌਦਾਂ ਹਜਾਰ ਨਾਲ ਗੁਣਾ ਕਰੋ, ਤਾਂ ਤੁਸੀਂ ਸਮਝੋਗੇ ਕਿ ਮੈਂ ਕੀ ਕਹਿ ਰਿਹਾ ਹਾਂ । ਫਿਰ ਤੁਸੀਂ ਇੱਕ ਜਗ੍ਹਾ ਜਾਂਦੇ ਹੋ ਜਿਥੇ ਸਾਰੇ ਤਹਾਨੂੰ ਪਿਆਰ ਕਰਦੇ ਹਨ, ਉਹ ਸਵਾਗਤ ਦੀ ਭਾਵਨਾ, ਬੱਸ, ਔਹ, ਮੇਰੇ, ਅਤੇ ਤੁਸੀਂ ਉਥੇ ਹਮੇਸ਼ਾ ਦੇ ਲਈ ਰੁੱਕ ਸਕਦੇ ਹੋ, ਸਮਝੇ । ਇਹੀ ਹੈ, ਇਹ ਇੱਕ ਆਤਮਾ ਹੈ । ਅਤੇ ਲੋਕ ਨਹੀਂ ਜਾਣਦੇ ਕਿ ਇਹ ਕੀ ਹੈ, ਉਹ ਹੈਰਾਨ ਹੁੰਦੇ ਹਨ ਕਿ ਲੋਕ ਐਨੇ ਭ੍ਰਿਸ਼ਟ ਕਿਓਂ ਹਨ ।

149 ਭਲੀਆਂ ਔਰਤਾਂ ਤੋਂ ਇਹ ਕੌਣ ਕਰਾਉਂਦਾ ਹੈ, ਕੀ ਹੈ ਜੋ ਭਲੀਆਂ ਔਰਤਾਂ ਨੂੰ ਅਸ਼ਲੀਲ ਕਪੜੇ ਪਹਿਨਾਉਂਦਾ ਹੈ ਅਤੇ ਬਾਹਰ ਆਉਣ ਦਿੰਦਾ ਹੈ? ਉਹ ਕੀ ਹੈ, ਹਾਲਾਂਕਿ ਅਜੇ ਐਨੀ ਠੰਡ ਹੈ, ਸੌਲਾਂ ਸਾਲਾਂ ਦੀਆਂ ਛੋਟੀਆਂ-ਛੋਟੀਆਂ ਕੁੜੀਆਂ, ਅਜਿਹੇ ਕਪੜੇ ਪਹਿਣਦੀਆਂ ਹਨ ਜਿਹੜੇ ਉਹਨਾਂ ਨੂੰ ਆਪਣੀ ਮਾਵਾਂ ਸਾਹਮਣੇ ਵੀ ਨਹੀਂ ਪਹਿਣਨੇ ਚਾਹੀਦੇ, ਉਹ ਇਹ ਪਹਿਣ ਕੇ ਬਾਹਰ ਗਲੀਆਂ ਵਿੱਚ ਜਾਂਦੀਆਂ ਹਨ । ਇਸਦਾ ਕਾਰਨ, ਉਹ ਬੱਚਾ ਨਹੀਂ (ਉਸ ਬੱਚੇ ਨੂੰ ਕੁਝ ਨਹੀਂ ਪਤਾ), ਇਸਦਾ ਕਾਰਨ ਇਹ ਹੈ ਕਿ ਕੋਈ ਪ੍ਰਚਾਰਕ ਪ੍ਰਚਾਰ ਮੰਚ ਤੋਂ ਆਪਣਾ ਫਰਜ਼ ਨਿਭਾਉਣ ਵਿੱਚ ਫੇਲ ਹੋ ਗਿਆ ਹੈ । ਇਹ ਬਿਲਕੁਲ ਸਹੀ ਹੈ । ਪੱਕੀ ਗਲ ਹੈ । ਔਰਤਾਂ ਗਲੀਆਂ ਵਿੱਚ ਜਾਂਦੀਆਂ ਹਨ, ਅਤੇ ਕਾਮੁਕ-ਵਸਤਰ ਅਤੇ ਅਜਿਹੀਆਂ ਚੀਜਾਂ ਪਹਿਨਦੀਆਂ ਹਨ, ਅਤੇ ਪਾਪੀ ਉਹਨਾਂ ਵਲ ਵੇਖਦੇ ਹਨ ਅਤੇ ਉਹ ਨਹੀਂ ਜਾਣਦੀ ਕਿ ਉਹ ਵੀ ਓਨੀ ਹੀ ਦੋਸ਼ੀ ਹੈ ਜਿਨਾ ਉਹ ਆਦਮੀ । ਯਿਸੂ ਨੇ ਇੰਝ ਕਿਹਾ ਹੈ! ਯਿਸੂ ਨੇ ਕਿਹਾ, "ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰਕੇ ਵੇਖਦਾ ਹੈ ਸੋ ਤੱਦ ਹੀ ਆਪਣੇ ਮਨੋਂ ਉਹ ਦੇ ਨਾਲ ਜਨਾਹ ਕਰ ਚੁੱਕਿਆ, ਅਤੇ ਨਿਆਂ ਦੇ ਦਿਨ ਇਸ ਦੇ ਲਈ ਜਵਾਬ ਦੇਣਾ ਪਵੇਗਾ"। ਭੀੜਾ ਹੈ ਉਹ ਫਾਟਕ, ਅਤੇ ਤੰਗ ਹੈ ਉਹ ਰਾਹ!

150 ਮੈਂ ਜਾਣਦਾ ਹਾਂ ਕਿ ਤੁਸੀਂ ਸੋਚ ਰਹੇ ਹੋ ਕਿ ਮੈਂ ਇੱਕ ਕੱਟੜ ਆਦਮੀ ਹਾਂ! ਮੈਂ ਕੱਟੜ ਨਹੀ ਹਾਂ । ਮੈਂ ਤੁਹਾਡਾ ਭਰਾ ਹਾਂ, ਅਤੇ ਮੈਂ ਤਹਾਨੂੰ ਪਿਆਰ ਕਰਦਾ ਹਾਂ ।

151 ਉਸ ਤਬਾਹੀ ਤੋਂ ਭਜੋ ਜਿਹੜੀ ਆਉਣ ਵਾਲੀ ਹੈ! ਸਲੀਬ ਕੋਲ ਜਾਓ ਅਤੇ ਤੱਦ ਤੀਕ ਪੁਕਾਰੋ ਜੱਦ ਤਕ ਤੁਹਾਡੇ ਹਿਰਦੇ ਉਸਦੀ ਆਤਮਾ ਨਾਲ ਨਾ ਭਰ ਜਾਣ, ਜਿਹੜਾ ਸੰਸਾਰ ਦੀ ਹਰੇਕ ਚੀਜ ਵਲ ਤੁਹਾਡੀ ਪਿੱਠ ਭੁਆਂ ਦਵੇਗਾ, ਅਤੇ ਉਸ ਦੇ ਸਾਹਮਣੇ ਪਵਿੱਤਰਤਾਈ ਨਾਲ ਚਲੋ, ਉਸ ਦੇ ਲਈ ਆਪਣੇ ਦਿਲਾਂ ਵਿੱਚ ਸਰਗਰਮੀ ਨਾਲ । ਪ੍ਰੇਮ! ਇੱਕ ਫਰਜ ਨਹੀਂ ਹੈ । ਮਸੀਹ ਕੋਈ ਫਰਜ ਨਹੀਂ ਹੈ, ਮਸੀਹ ਦੀ ਸੇਵਾ ਕਰਨਾ, ਇਹ ਤਾਂ ਪ੍ਰੇਮ ਹੈ ਜਿਹੜਾ ਮਸੀਹ ਦੀ

ਸੇਵਾ ਕਰਦਾ ਹੈ। ਇਹ ਤਹਾਨੂੰ ਖਿੱਚਦਾ ਹੈ, ਤਹਾਨੂੰ ਮਜਬੂਰ ਕਰਦਾ ਹੈ, ਐਥੋਂ ਤੀਕ ਕਿ ਤੁਹਾਡੇ ਜੀਵਨ ਦੀ ਹਰੇਕ ਧੜਕਣ ਉਸ ਦੇ ਨਾਲ ਧੜਕਦੀ ਹੈ।

152 ਅਤੇ ਉਹ ਧਰਤੀ ਉੱਤੇ ਰੋਇਆ। ਇਸ ਨੇ ਨੂਹ ਦੇ ਦਿਨਾਂ ਵਿੱਚ ਪਰਮੇਸ਼ੁਰ ਨੂੰ ਦੁਖੀ ਕੀਤਾ, ਜੱਦ ਉਸ ਨੇ ਦਿਲਾਂ ਨੂੰ ਵੇਖਿਆ। ਅਤੇ ਯਿਸੂ ਪਹਾੜ ਉੱਤੇ ਗਿਆ ਅਤੇ ਕਿਹਾ, "ਯਰੂਸ਼ਲਮ, ਯਰੂਸ਼ਲਮ, ਮੈਂ ਕਿੰਨੀ ਵਾਰ ਤੈਨੂੰ ਲੁਕਾਉਣ ਚਾਹਿਆ, ਪਰ ਤੇਰੀ ਘੜੀ ਆ ਪਹੁੰਚੀ ਹੈ ਅਤੇ ਤੇਰਾ ਘਰ ਉਜਾੜ ਛੱਡਿਆ ਜਾਂਦਾ ਹੈ"।

153 ਪਰਮੇਸ਼ੁਰ ਦੇ ਪੁੱਤ੍ਰ ਦੀ ਆਮਦ ਤੇ ਵੀ ਅਜਿਹਾ ਹੀ ਹੋਵੇਗਾ, ਅਸਲ ਸੱਚੇ ਨਿਹਚਾਵਾਨਾਂ ਦੇ ਦਿਲ ਟੁੱਟ ਚੁਕੇ ਹਨ। ਉਹ ਉਡੀਕਦੇ ਹਨ ਕਿ ਇਸ ਜਗ੍ਹਾ ਤੇ ਇੱਕ ਬੇਦਾਰੀ ਹੋਣੀ ਚਾਹੀਦੀ ਹੈ। ਇਹ ਇੱਕ ਨਾਜਾਇਜ਼ ਲੋਕਾਂ ਦੇ ਝੁੰਡ ਦੁਆਰਾ ਕਿਵੇਂ ਹੋ ਸਕਦੀ ਹੈ? ਇਹ ਕਿਵੇਂ ਹੋ ਸਕਦੀ ਹੈ, ਜੱਦ ਕਿ ਉਹ ਆਦ ਤੋਂ ਹੀ ਦੋਸ਼ੀ ਠਹਿਰ ਚੁੱਕੇ ਹਨ?

154 ਪਰਮੇਸ਼ੁਰ ਦਾ ਰਾਜ ਉਸ ਮਨੁੱਖ ਵਰਗਾ ਹੈ ਜਿਸ ਨੇ ਆਪਣਾ ਜਾਲ ਸਮੁੰਦਰ ਵਿੱਚ ਸੁੱਟਿਆ, ਅਤੇ ਜੱਦ ਉਸ ਨੇ ਜਾਲ ਨੂੰ ਖਿਚਿਆ ਤਾਂ ਉਸ ਕੋਲ ਕੱਛੂਕੁੰਮੇ, ਸੱਪ, ਡੱਡੂ ਅਤੇ ਕੁਝ ਮਛੀਆਂ ਸਨ।ਉਹ ਇਹ ਫੈਂਸਲਾ ਕਰਨ ਲਈ ਨਹੀਂ ਸੀ ਕਿ ਕੌਣ, ਉਸ ਨੇ ਤਾਂ ਬੱਸ ਸਭ ਕੁਝ ਕਿਨਾਰੇ ਤੇ ਸੁੱਟ ਦਿੱਤਾ। ਇਹੀ ਕੁਝ ਇੰਜੀਲ ਕਰਦੀ ਹੈ। ਇਹ ਕੁਝ ਬਿਲੀ ਗ੍ਰਾਹਮ, ਔਰਲ ਰੌਬਰਟਸ ਅਤੇ ਮੈਂ, ਅਤੇ ਸਾਰੇ ਉਹ ਪ੍ਰਚਾਰਕ ਜਿਹੜੇ ਇੰਜੀਲ ਦਾ ਪ੍ਰਚਾਰ ਕਰ ਰਹੇ ਹਨ, ਇਸ ਨੂੰ ਸੁੱਟਦੇ ਹਨ, ਅਤੇ ਅੰਦਰ ਖਿੱਚਦੇ ਹਨ, "ਉਹ ਇਥੇ ਹਨ, ਪਭੂ"। ਪਰ ਅਸੀਂ ਹਰ ਸਮੇਂ ਕੀ ਕਰ ਰਹੇ ਹਾਂ? ਅਸੀਂ ਵੇਖਦੇ ਹਾਂ, ਇਸ ਤੋਂ ਪਹਿਲਾਂ ਕਿ ਅਸੀਂ ਦੁਬਾਰਾ ਜਾਈਏ, ਉਹ ਦੁਬਾਰਾ ਬਾਹਰ ਛੱਪੜ ਵਿੱਚ ਹੁੰਦੇ ਹਨ। ਇਹ ਕੀ ਹੈ? ਉਹ ਸ਼ੁਰੁਆਤ ਤੋਂ ਹੀ ਕੱਛੂਕੁੰਮਾ ਸੀ। ਇੰਜੀਲ ਦੇ ਜਾਲ ਵਿੱਚ ਫੜੇ ਜਾਣ ਨੇ ਵੀ ਉਸ ਨੂੰ ਨਹੀਂ ਬਦਲਿਆ। ਉਹ ਸ਼ੁਰੁਆਤ ਤੋਂ ਹੀ ਕੱਛੂਕੁੰਮਾ ਸੀ। ਉਹ ਸ਼ੁਰਆਤ ਤੋਂ ਹੀ ਕੱਛੂਕੁੰਮਾ ਸੀ। ਉਹ ਸ਼ੁਰਆਤ ਤੋ ਹੀਂ ਸੱਪ ਸੀ। ਉਹ ਗਿਰਜੇ ਵਿਚ ਆਉਣ ਤੋਂ ਪਹਿਲਾਂ ਹੀ ਇੱਕ ਢੋਂਗੀ ਸੀ। ਉਸ ਦੀ ਤਾਂ ਸ਼ਰਾਬ, ਜੂਆ, ਅਤੇ ਤੰਬਾਕੂਨੋਸ਼ੀਅਤੇ ਝੂਠ ਬੋਲਣਾ ਅਤੇ ਚੋਰੀ ਛੱਡਣ ਦੀ ਵੀ ਕੋਈ ਇੱਛਾ ਨਹੀਂ ਸੀ। ਉਹ ਤਾਂ ਕੇਵਲ ਇਸ ਕਰਕੇ ਅੰਦਰ ਆਇਆ ਕਿਉਂਕਿ ਉਹ ਨਰਕ ਤੋਂ ਡਰਿਆ ਹੋਇਆ ਸੀ। ਜੱਦ ਤੁਸੀਂ ਇਸ ਤਰਾਂ ਕਰਦੇ ਹੋ ਤਾਂ ਆਪਣੇ ਆਪ ਨੂੰ ਨਰਕ ਲਈ ਵਧੇਰੇ ਉਮੀਦਵਾਰ ਬਣਾਉਂਦੇ ਹੋ, ਇਹ ਸੱਚ ਹੈ। "ਭੀੜਾ ਹੈ ਉਹ ਫਾਟਕ ਅਤੇ ਤੰਗ ਹੈ ਉਹ ਰਾਹ, ਅਤੇ ਵਿਰਲੇ ਹਨ ਜਿਹੜੇ ਇਸ ਨੂੰ ਲਭਦੇ ਹਨ"।

ਆਓ ਪ੍ਰਾਥਨਾ ਕਰੀਏ ।

155 ਪ੍ਰਭੂ, ਔਹ, ਮੈਨੂੰ ਜਾਂਚ, ਪਭੂ । ਮੇਰਾ ਮੁੱਕਦਮਾ ਹੁਣੇ ਚਲਾ, ਪ੍ਰਭੂ । ਇਸ ਤਰਾਂ ਪ੍ਰਚਾਰ ਕਰਣ ਤੋਂ ਬਾਅਦ, ਮੈਨੂੰ ਆਪਣੇ ਸਾਹਮਣੇ ਨਿਆਂ ਦੇ ਲਈ ਨਾ ਆਉਣ ਦੇਣਾ । ਔਹ, ਜੇ ਮੇਰੇ ਅੰਦਰ ਕੋਈ ਭ੍ਰਿਸ਼ਟਤਾ ਹੈ, ਪਭੂ, ਕਿਰਪਾ ਕਰਕੇ ਇਸ ਨੂੰ ਦੂਰ ਕਰ ਦੇ! ਅਸੀਂ ਉਸ ਦਿਨ ਨੂੰ ਵੇਖ ਰਹੇ ਹਾਂ ਜਿਸ ਵਿਚ ਅਸੀਂ ਰਹਿ ਰਹੇ ਹਾਂ, ਜੱਦ ਆਦਮੀ ਅਤੇ ਔਰਤਾਂ ਕਿੰਨੇ ਕਠੋਰ ਹੁੰਦੇ ਜਾ ਰਹੇ ਹਨ । ਉਹ ਸ਼ਰਮਿੰਦਾ ਹਨ ।ਤੁਸੀਂ ਇੱਕ ਵਾਰ ਕਿਹਾ ਸੀ, "ਸੀਯੋਨਦੀਆਂ ਧੀਆਂ ਵਿਚਕਾਰ ਥੋੜੀ ਜਿਹੀ ਵੀ ਸ਼ਰਮ ਨਹੀਂ ਹੈ" । ਉਹਨਾਂ ਤੋਂ ਲਾਜ ਏਨੀ ਦੂਰ ਹੋ ਗਈ ਹੈ ਕਿ ਉਹਨਾਂ ਨੂੰ ਹੁਣ ਥੋੜੀ ਜਿਹੀ ਵੀ ਸ਼ਰਮ ਨਹੀਂ ਆਉਂਦੀ । ਹੇ ਪ੍ਰਭੂ, ਇਸ ਦੇ ਬਾਰੇ ਸੋਚੋ! ਅਤੇ ਜਾਣਦੇ ਹਾਂ ਕਿ ਉਹ ਘੜੀ ਨੇੜੇ ਆ ਰਹੀ ਹੈ, ਬੱਸਇੱਕ ਜਾਂ ਦੋ ਮਿੰਟ ਹੋਰ, ਅਤੇ ਵੱਡੀ ਤਬਾਹੀ ਆ ਜਾਵੇਗੀ, ਤਾਂ ਜੋ ਜਿਹੜਾ ਪਲੀਤ ਹੈ ਅਗਾਂਹ ਨੂੰ ਪਲੀਤ ਹੋਈ ਜਾਵੇ।

156 ਪਰਮੇਸ਼ੁਰ, ਇਸ ਸਵੇਰ ਸਾਨੂੰ ਸਭ ਨੂੰ ਜਗਾ ਦੇ । ਸਾਨੂੰ ਝੰਜੋੜ, ਪਭੂ! ਅਸੀਂ ਨਿਸ਼ਾਨਾ ਨੂੰ ਪ੍ਰਗਟ ਹੁੰਦੇ ਵੇਖ ਰਹੇ ਹਾਂ । ਅਸੀਂ ਉਸ ਨੂੰ ਜਾਨਣ ਲਈ ਆਪਣੀਆਂ ਅੱਖਾਂ ਖੁੱਲੀਆਂ ਰਖੀਆਂ ਹਨ । ਪ੍ਰਭੂ, ਅਸੀਂ ਲਖਾਂ ਕਰੋੜਾਂ ਲੋਕਾਂ ਨੂੰ ਵੇਖਿਆ ਹੈ, ਜਿਹਨਾਂ ਨੇ ਪਿੱਠ ਭੂਆਂ ਲਈ ਅਤੇ ਦੂਰ ਚਲੇ ਗਏ ਹਨ ।ਮੈਂ ਸੋਚਦਾ ਹਾਂ, ਮੈਂ ਕੀ ਕਰ ਸਕਦਾ ਹਾਂ, ਮੈਂ ਕੀ ਕਰ ਸਕਦਾ ਹਾਂ, ਹੇ ਪ੍ਰਭੂ? ਕੀ ਕੁਝ ਹੈ, ਪ੍ਰਭੂ? ਜੇ ਇਸ ਲਈ ਹੋਰ ਜਿਆਦਾ ਪ੍ਰਚਾਰ, ਹੋਰ ਜਿਆਦਾ ਪ੍ਰਾਰਥਨਾ ਜਾਂ ਕੁਝ ਵੀ ਹੋਰ ਜਿਆਦਾ ਚਾਹੀਦਾ ਹੈ ਤਾਂ, ਪ੍ਰਭੂ, ਮੇਰੀ ਸਹਾਇਤਾ ਕਰ, ਤਾਂ ਜੋ ਮੈਂ ਸੰਦੇਸ਼ ਨੂੰ ਲੋਕਾਂ ਤੱਕ ਲੈ ਜਾ ਸਕਾਂ । ਮੈਂ ਕੀ ਕਰ ਸਕਦਾ ਹਾਂ? ਪਰ ਉਹ ਹਰ ਵਾਰ ਇਸ ਨੂੰ ਠੁਕਰਾ ਦਿੰਦੇ ਹਨ । ਤੂੰ ਆਪਣੇ ਮਹਾਨ ਨਿਸ਼ਾਨ ਅਤੇ ਅਚਰਜ ਕੰਮ ਕਰਦਾ ਹੈਂ ਅਤੇ ਫਿਰ ਵੀ ਲੋਕ ਅੱਗੇ ਵੱਧ ਜਾਂਦੇ ਹਨ । ਕੀ ਇਹ ਇਸ ਕਰਕੇ ਹੈ ਜੋ ਤੇਰਾ ਵਚਨ ਪੂਰਾ ਹੋਵੇ, ਕੀ ਇਹ ਉਹੀ ਸਮਾਂ ਹੈ "ਕੋਈ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ ਜੱਦ ਤਕ ਪਿਤਾ ਉਸ ਨੂੰ ਨਾ ਖਿੱਚੇ ਅਤੇ ਉਹ ਸਭ ਜੋ ਪਿਤਾ ਨੇ ਮੈਨੂੰ ਦਿੱਤੇ ਹਨ, ਉਹ ਮੇਰੇ ਕੋਲ ਆਉਣਗੇ"? ਪ੍ਰਭੂ ਪਰਮੇਸ਼ੁਰ, ਅੱਜ ਸਵੇਰ ਇਹ ਹੋਣ ਦੇ ਕਿ ਲੋਕ ਜਾਗ ਜਾਣ ਅਤੇ ਧਰਤੀ ਦੇ ਇਸ ਆਖਰੀ ਨਿਸ਼ਾਨ ਨੂੰ ਵੇਖ ਲੈਣ । ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਤੂੰ ਲੋਕਾਂ ਨੂੰ ਕੁਝ ਦੇਵੇਂਗਾ ।

157 ਅੱਜ ਸਵੇਰੇ ਜੋ ਥੋੜੇ ਜਿਹੇ ਲੋਕ ਐਥੇ ਹਨ, ਉਹਨਾਂ ਨੂੰ ਬਰਕਤ ਦੇ । ਪਰਮੇਸ਼ੁਰ, ਭਾਈ ਨੇਵਿਲ ਤੋਂ ਸ਼ੁਰੁਆਤ ਕਰ, ਪ੍ਰਭੂ । ਉਸਦੇ ਸ਼ਰੀਰ ਨੂੰ ਚੰਗਾ ਕਰ । ਇਸ ਸਵੇਰ ਉਹ ਬੀਮਾਰ ਹੈ, ਪ੍ਰਭੂ, ਉਸਦਾ ਪੇਟ ਖਰਾਬ ਹੈ । ਮੈਂ

ਪ੍ਰਾਰਥਨਾ ਕਰਦਾ ਹਾਂ ਕਿ ਤੇਰਾ ਚੰਗਾ ਕਰਨ ਵਾਲਾ ਹੱਥ ਉਸ ਦੇ ਉੱਤੇ ਹੋਵੇ । ਉਸ ਦੀ ਆਤਮਾ ਨੂੰ ਉਤੇਜਿਤ ਕਰ ।

158 ਪਰਮੇਸ਼ੁਰ, ਇਸ ਸਭਾ ਦੇ ਵਿਚਕਾਰ ਜਾ । ਇਥੇ ਕੁਝ ਆਦਮੀ ਅਤੇ ਔਰਤਾਂ ਬੈਠੇ ਹੋਏ ਹਨ ਜਿਨਾਂ ਨੂੰ ਮੈਂ ਸ਼ਾਇਦ ਉਸ ਨਿਆਂ ਦੇ ਦਿਨ ਤੋਂ ਪਹਿਲਾਂ ਕਦੇ ਦੁਬਾਰਾ ਨਾ ਮਿਲਾ ਸਕਾਂ, ਫਿਰ ਮੈਨੂੰ ਹਿਸਾਬ ਦੇਣਾ ਹੈ । ਪਰ ਮੈਂ ਤੇਰੇ ਵਚਨ ਨੂੰ ਪੜ੍ਹਿਆ ਹੈ, “ਭੀੜਾ ਹੈ ਉਹ ਫਾਟਕ, ਅਤੇ ਤੰਗ ਹੈ ਉਹ ਰਾਹ, ਅਤੇ ਵਿਰਲੇ ਹਨ ਜਿਹੜੇ ਇਸ ਨੂੰ ਲਭਦੇ ਹਨ” । ਹੇ ਪ੍ਰਭੂ, ਹੋਣ ਦੇ ਕਿ ਉਹਨਾਂ ਥੋੜੇ ਜਿਹੇ ਲੋਕਾਂ ਵਿੱਚ ਇਹਨਾਂ ਵਿਚੋਂ ਵੀ ਕੁਝ ਲੋਕ ਹੋਣ, ਕੀ ਤੂੰ ਕਰੇਂਗਾ, ਪ੍ਰਭੂ? ਇਹ ਇਥੇ ਮੌਜੂਦ ਹਰੇਕ ਸ਼ਖਸ ਨੂੰ ਬਖਸ ਦੇ ।

159 ਮੈਂ ਪ੍ਰਾਰਥਨਾ ਕਰਦਾ ਹਾਂ ਕਿਉਂਕਿ ਇਕ ਮਨੁੱਖ ਕੇਵਲ ਪ੍ਰਾਰਥਨਾ ਹੀ ਕਰ ਸਕਦਾ ਹੈ । ਪ੍ਰਭੂ, ਮੇਰੀ ਮਦਦ ਕਰਨ ਲਈ, ਇਹ ਲੋਕ ਮੇਰੇ ਲਈ ਕੁਝ ਵੀ ਕਰਣਗੇ । ਜੇ ਮੈਂ ਭੁੱਖਾ ਹੁੰਦਾ ਤਾਂ ਇਹ ਲੋਕ ਮੈਨੂੰ ਖੁਆਉਂਦੇ । ਜੇ ਮੈਨੂੰ ਇੱਕ ਸੂਟ ਦੀ ਲੋੜ ਹੁੰਦੀ ਤਾਂ ਉਹ ਖਰੀਦ ਲੈਂਦੇ । ਇਹ ਲੋਕ ਇੱਕਠੇ ਹੋ ਕੇ ਮੇਰੇ ਲਈ ਇੱਕ ਕਾਰ ਖਰੀਦ ਸਕਦੇ ਹਨ, ਤਾਂ ਜੋ ਮੈਂ ਇੰਜੀਲ ਦਾ ਪ੍ਰਚਾਰ ਕਰਾਂ । ਉਹ ਇਸ ਤਰਾਂ ਕੁਝ ਵੀ ਕਰ ਸਕਦੇ ਹਨ । ਹੇ ਪਿਤਾ, ਅੱਜ ਸਵੇਰ ਉਹਨਾਂ ਦੇ ਪ੍ਰਾਣਾਂ ਦੀ ਜਾਂਚ ਕਰ, ਕਿਰਪਾ ਕਰ, ਹੋਣ ਦੇ ਕਿ ਉਹ ਤੇਰੇ ਸਾਹਮਣੇ ਇਸ ਦੀ ਜਾਂਚ ਕਰਣ । ਮੈਂ ਨਹੀਂ ਜਾਣਦਾ, ਮੈਨੂੰ ਭਰੋਸਾ ਹੈ ਇਹਨਾਂ ਵਿਚੋਂ ਹਰੇਕ ਚੁਣਿਆ ਹੋਇਆ ਹੈ । ਅਤੇ ਮੈਨੂੰ ਵੀ ਉਸ ਜਗ੍ਹਾ ਤੇ ਰਖ, ਪ੍ਰਭੂ । ਅਤੇ ਜੇ ਮੇਰੇ ਵਿੱਚ ਕੋਈ ਵਜ੍ਹਾ ਹੈ ਜਿਸ ਕਾਰਨ ਮੈਂ ਉਥੇ ਨਹੀਂ ਹੋ ਸਕਦਾ ਤਾਂ, ਪ੍ਰਭੂ, ਮੇਰੇ ਤੇ ਇਸ ਨੂੰ ਪ੍ਰਗਟ ਕਰ, ਮੈਂ ਇਸ ਨੂੰ ਇਸੇ ਵੇਲੇ ਸਹੀ ਕਰ ਲਵਾਂਗਾ। ਮੈਂ ਇਹ ਯਕੀਨੀ ਬਣਾਉਣਾ ਚਾਹੁੰਦਾ ਹਾਂ, ਪ੍ਰਭੂ, ਕਿ ਉਸ ਸਵੇਰ ਨਦੀ ਦੇ ਕੋਲ ਕੋਈ ਔਕੜ ਨਾ ਹੋਵੇ। ਅਤੇ ਮੈਂ ਇਹ ਨਹੀਂ ਜਾਣਦਾ ਕਿ ਇਹ ਕਦੋਂ ਹੋਵੇਗਾ, ਇਹ ਅੱਜ ਵੀ ਹੋ ਸਕਦਾ ਹੈ । ਇਸ ਲਈ, ਮੇਰੀ ਇਹ ਜਾਣਨ ਵਿੱਚ ਸਹਾਇਤਾ ਕਰ, ਇਹਨਾਂ ਲੋਕਾਂ ਦੀ ਜਾਣਨ ਵਿੱਚ ਸਹਾਇਤਾ ਕਰ ।

160 ਅਤੇ ਜੱਦ ਅਸੀਂ ਵੇਖਦੇ ਹਾਂ ਕਿ ਸਾਡੇ ਦਿਲ ਲਾਪਰਵਾਹ ਹਨ! ਔਹ, ਅਸੀਂ ਰੇਡੀਓ ਉੱਤੇ ਇੱਕ ਵਧੀਆ ਸੰਦੇਸ਼ ਸੁਣ ਕੇ ਜਾਂ ਗਿਰਜੇ ਜਾ ਕੇ ਅਨੰਦ ਕਰਦੇ ਹਾਂ । ਅਸੀਂ ਇੱਕ ਚੰਗੇ ਸੰਦੇਸ਼ ਦੀ ਕਦਰ ਕਰਦੇ ਹਾਂ । ਅਸੀਂ ਕਿਸੇ ਜਗਾ ਤੇ ਯਿਸੂ ਬਾਰੇ ਗਲ ਕਰਣ ਤੇ ਇਤਰਾਜ ਨਹੀਂ ਕਰਦੇ । ਪਰ, ਪ੍ਰਭੂ, ਕੀ ਪਾਪ ਸਾਡੇ ਲਈ ਐਨਾ ਬੋਝ ਹੈ ਅਤੇ ਇਹ ਸਾਡੀਆਂ ਅੱਖਾਂ ਵਿੱਚ ਅਥਰੂ ਲੈ ਆਉਂਦਾ ਹੈ, ਹਉਕੇਭਰਦੇ ਹੋਏ ਅਤੇ ਚਿਲਾਉਂਦੇ ਹੋਏ ਇਸ ਦੇ ਵਿਰੋਧ ਵਿੱਚ ਖੜੇ ਹੁੰਦੇ ਹਾਂ, ਹਰੇਕ ਚੀਜ ਦੇ ਅਤੇ ਉਹਨਾਂ ਘ੍ਰਿਣਾਯੋਗ ਕੰਮਾਂ ਦੇ ਵਿਰੁਧ ਜੋ ਇਸ ਸ਼ਹਿਰ ਵਿੱਚ

ਕੀਤੇ ਜਾਂਦੇ ਹਨ? ਪ੍ਰਭੂ, ਹੋਣ ਦੇ ਕਿ ਪਰਮੇਸ਼ੁਰ ਦਾ ਦੂਤ ਇਸ ਨੂੰ ਸਾਡੇ ਉੱਤੇ ਵੇਖੇ ਅਤੇ ਸਾਡੇ ਤੇ ਨਿਸ਼ਾਨ ਲਗਾਵੇ। ਇਹ ਬਖ਼ਸ਼ ਦੇ, ਪ੍ਰਭੂ।

161 ਪ੍ਰਭੂ ਯਿਸੂ, ਫਿਰ ਵੀ ਆ, ਹੁਣ ਸਾਡੇ ਦਿਲਾਂ ਨੂੰ ਤਿਆਰ ਕਰ, ਅਤੇ ਸਾਨੂੰ ਆਪਣਾ ਇੱਕ ਵਾਸਤਵਿਕ ਨਿਸ਼ਾਨ ਦੇ ਕਿ ਤੂੰ ਸਾਡੇ ਵਿਚਕਾਰ ਹੈਂ, ਤਾਂ ਜੋ ਅਸੀਂ ਜਾਣ ਸਕੀਏ ਕਿ ਅਸੀਂ ਇਸ ਪੀੜ੍ਹੀ ਦੇ ਅੰਤ ਤੋਂ ਪਹਿਲਾਂ ਆਖਰੀ ਨਿਸ਼ਾਨ ਨੂੰ ਪ੍ਰਾਪਤ ਕਰ ਰਹੇ ਹਾਂ।

162 ਅਤੇ ਅਸੀਂ ਹਰਾਮਕਾਰੀ ਨੂੰ ਵੇਖ ਰਹੇ ਹਾਂ, ਇਸ ਦੇਸ਼ ਵਿੱਚ ਜੋ ਆਦਮੀ ਰਹਿੰਦੇ ਹਨ ਅਤੇ ਕਿਸੇ ਹੋਰ ਆਦਮੀਆਂ ਦੀਆਂ ਪਤਨੀਆਂ ਤੋਂ ਸੰਤਾਨ ਪੈਦਾ ਕਰ ਰਹੇ ਹਨ, ਅਤੇ-ਅਤੇ ਛੋਟੀਆਂ ਛੋਟੀਆਂ ਕੁੜੀਆਂ ਗਲੀਆਂ ਵਿੱਚ, ਅਤੇ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿੱਚ ਸਕੂਲ ਤੋਂ ਬਾਹਰ ਕਢ ਦਿੱਤੀਆਂ ਜਾਂਦੀਆਂ ਹਨ ਅਤੇ ਕਿਸ਼ੋਰ-ਉਮਰ ਵਿੱਚ ਮਾਂਵਾਂ ਬਣਦੀਆਂ ਹਨ, ਅਤੇ ਕੋਈ ਵੀ ਆਦਰ ਨਹੀਂ ਹੈ, ਅਤੇ ਕਿਵੇਂ ਔਰਤਾਂ, ਆਪ ਹੀ, ਜਹਿਰ ਬਣਦੀਆਂ ਜਾ ਰਹੀਆਂ ਹਨ, ਤਮਾਕੂਨੋਸ਼ੀ ਅਤੇ ਸ਼ਰਾਬ ਪੀਣ ਦੁਆਰਾਅਤੇ ਟੈਲੀਵਿਜ਼ਨ ਅਤੇ ਅਜਿਹੀਆਂ ਚੀਜਾਂ ਜਿਹੜੀਆਂ ਬੱਚਿਆਂ ਦੇ ਦਿਮਾਗਾਂ ਨੂੰ ਭ੍ਰਿਸ਼ਟ ਕਰ ਰਹੀਆਂ ਹਨ। ਹੇ ਪ੍ਰਭੂ, ਇਹ ਹੋਰ ਕਿੰਨਾ ਚਿਰ ਹੁੰਦਾ ਰਹੇਗਾ? ਅਤੇ ਤੂੰ ਆਪ ਇੱਕ ਪਵਿੱਤਰ ਪਰਮੇਸ਼ੁਰ ਹੁੰਦੇ ਹੋਏ, ਕਿੰਨਾ ਚਿਰ ਰੁਕਿਆ ਰਹੇਂਗਾ!

163 ਹੇ ਪਿਤਾ, ਮੈਂ—ਮੈਂ ਅੱਜ ਕੁਝ ਅਜੀਬ ਢੰਗ ਨਾਲ ਮਹਿਸੂਸ ਕਰ ਰਿਹਾ ਹਾਂ ਕਿ ਛੇਤੀ ਨਾਲ ਕੁਝ ਕੀਤਾ ਜਾਣਾ ਚਾਹੀਦਾ ਹੈ, ਪ੍ਰਭੂ। ਮੈਂ ਨਹੀਂ ਜਾਣਦਾ ਕੀ ਕਹਿਣਾ ਹੈ, ਪਰ ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, ਕੀ ਤੂੰ ਉਸ ਚੀਜ ਨੂੰ ਸਾਡੇ ਦਿਲਾਂ ਨੂੰ ਦੱਸੇਂਗਾ ਕਿ ਕੀ ਕਰਨਾ ਹੈ। ਇਹ ਚੀਜਾਂ ਬਖਸ ਦੇ, ਪ੍ਰਭੂ। ਅਸੀਂ ਇਹਨਾਂ ਨੂੰ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

164 ਘੜੀ ਆ ਪਹੁੰਚੀ ਹੈ। ਹਰੇਕ ਸਮਝਦਾਰ ਸ਼ਖਸ ਜਿਸ ਕੋਲ ਤਰਕ ਸ਼ਕਤੀ ਹੈ, ਉਹ ਜਾਣਦਾ ਹੈ ਕਿ ਕੁਝ ਹੋਣ ਵਾਲਾ ਹੈ। ਇਸ ਇਮਾਰਤ ਵਿੱਚ ਇੱਕ ਵੀ ਸ਼ਖਸ ਨਹੀਂ ਹੈ, ਜਿਸ ਦਾ ਦਿਮਾਗ ਸਹੀ ਹੈ ਅਤੇ ਨਹੀਂ ਜਾਣਦਾ ਕਿ ਸੰਸਾਰ ਅਜਿਹੇ ਹਾਲਾਤਾਂ ਅੰਦਰ ਖੜਾ ਨਹੀਂ ਰਹਿ ਸਕਦਾ।

ਅਸੀਂ ਖੜੇ ਨਹੀਂ ਰਹਿ ਸਕਦੇ, ਮਿੱਤਰੋ। ਕੋਈ ਇੱਕ ਚੀਜ ਵੀ ਨਹੀਂ ਹੈ, ਤੁਹਾਡਾ ਪਾਸਟਰ ਅਤੇ ਤੁਹਾਡੇ ਭਰਾ ਹੋਣ ਦੇ ਨਾਤੇ, ਯਿਸੂ ਮਸੀਹ ਤੋਂ ਬਿਨਾਂ ਮੈਂ ਹੋਰ ਕਿਸੇ ਵੀ ਚੀਜ ਵਲ ਤੁਹਾਡਾ ਮਾਰਗ ਦਰਸ਼ਨ ਨਹੀਂ ਕਰ ਸਕਦਾ। ਮੈਂ ਅਜਿਹੀ ਕੋਈ ਚੀਜ ਨਹੀਂ ਜਾਣਦਾ। ਕੇਵਲ ਉਹਨਾਂ ਚੀਜਾਂ ਬਾਰੇ ਸੋਚੋ ਜਿਨਾਂ ਬਾਰੇ ਉਠਾਏ ਜਾਣ ਤੋਂ ਪਹਿਲਾਂ ਹੋਣ ਦੀ ਭਵਿੱਖਵਾਣੀ ਕੀਤੀ ਗਈ ਸੀ, ਹਰੇਕ ਚੀਜ ਜੋ ਮੈਂ ਜਾਣਦਾ ਹਾਂ ਉਹ ਪੂਰੀ ਹੋ ਚੁਕੀ ਹੈ।

165 ਤੁਸੀਂ ਕਹਿੰਦੇ ਹੋ, "ਪਸ਼ੂ ਦੀ ਛਾਪ ਬਾਰੇ ਕੀ ਹੈ?" ਇਹ ਕਸ਼ਟਕਾਲ ਵਿੱਚ ਆਵੇਗੀ। ਉਸ ਵੇਲੇ ਕਲੀਸਿਯਾ ਚਲੀ ਗਈ ਹੋਵੇਗੀ। ਇਹਨਾਂ ਨੂੰ ਛਾਪ ਨਹੀਂ ਲਾਉਣੀ ਪਵੇਗੀ, ਇਹ ਚਲੇ ਗਏ ਹੋਣਗੇ, ਸਮਝੇ। ਛਾਪ ਤਾਂ ਹੁਣ ਲਗ ਰਹੀ ਹੈ। ਛਾਪ ਲਗ ਰਹੀ ਹੈ, ਇੱਕ ਨਿਸ਼ਾਨ। ਪਰਮੇਸ਼ੁਰ ਵਲ ਭਜੋ, ਉਸ ਕੋਲ ਛੇਤੀ ਨਾਲ ਭਜ ਕੇ ਜਾਓ।

166 ਮੈਂ ਅੱਜ ਸਵੇਰ ਹੈਰਾਨ ਹਾਂ, ਜੱਦ ਅਸੀਂ ਕੇਵਲ ਇੱਕ ਮਿੰਟ ਲਈ ਇਥੇ ਰੁੱਕੇ ਹੋਏ ਹਾਂ। ਅਤੇ ਮੈਂ ਉਸੇ ਤਰਾਂ ਮਹਿਸੂਸ ਕਰ ਰਿਹਾ ਹਾਂ ਜਿਵੇਂ ਤੁਸੀਂ ਕਰ ਰਹੇ ਹੋ, ਮੈਂ—ਮੈਂ ਤੁਹਾਡੀਆਂ ਭਾਵਨਾਵਾਂ ਨੂੰ ਮਹਿਸੂਸ ਕਰ ਸਕਦਾ ਹਾਂ, ਤੁਹਾਡੇ ਵਿਚੋਂ ਹਰੇਕ ਇਹ ਸੋਚਣ ਦੀ ਕੋਸ਼ਿਸ ਕਰ ਰਿਹਾ ਹੈ, "ਹੇ ਪਰਮੇਸ਼ੁਰ, ਮੇਰੀ ਜਾਂਚ ਕਰ!" ਮੈਂ ਵੀ ਇਸੇ ਤਰਾਂ ਹੀ ਮਹਿਸੂਸ ਕਰ ਰਿਹਾ ਹਾਂ। ਮਿੱਤਰ, ਮੈਨੂੰ ਅਹਿਸਾਸ ਹੈ ਕਿ ਇਸ ਤਰਾਂ ਦੇ ਸੰਦੇਸ਼ ਲੋਕਾਂ ਵਿੱਚ ਜਿਆਦਾ ਲੋਕਪ੍ਰਿਯ ਨਹੀਂ ਹੁੰਦੇ। ਤੁਸੀਂ ਉਹਨਾਂ ਦੀ ਨਿੰਦਾ ਕਰ ਸਕਦੇ ਹੋ ਅਤੇ ਤੁਸੀਂ-...ਤੁਸੀਂ-ਤੁਸੀਂ ਕੇਵਲ ਉਹਨਾਂ ਨੂੰ ਨੀਵਾਂ ਬਣਾਉਂਦੇ ਹੋ। ਕਿਸੇ ਨੂੰ ਤਾਂ ਇਹ ਕਰਣਾ ਹੀ ਪੈਣਾ ਹੈ। ਕਾਸ਼ ਇਹ ਕੰਮ ਕੋਈ ਹੋਰ ਕਰਦਾ। ਪਰ ਜੇ ਇਹ ਕੰਮ ਮੇਰੇ ਹਿੱਸੇ ਆਉਂਦਾ ਹੈ, ਜੇ ਮੈਨੂੰ ਸਫਾਈ ਕਰਣ ਵਾਲੀ ਔਰਤ ਬਣਨਾ ਹੈ ਤਾਂ ਮੈਨੂੰ ਸਫਾਈ ਵਾਲੀ ਔਰਤ ਹੋਣ ਦਿਓ। ਜੇ ਮੈਂ...ਦਾਉਦ ਨੇ ਕਿਹਾ, "ਪਾਪ ਦੇ ਤੰਬੂ ਵਿੱਚ ਰਹਿਣ ਨਾਲੋਂ ਮੈਂ ਪਰਮੇਸ਼ੁਰ ਦੇ ਭਵਨ ਦੀ ਡਿਉੜੀ ਵਿੱਚ ਖੜੇ ਰਹਿਣਾ ਪਸੰਦ ਕਰਾਂਗਾ"। ਇਹ ਸਹੀ ਹੈ। ਪਰਮੇਸ਼ੁਰ ਜੋ ਵੀ ਤੁਹਾਡੇ ਤੋਂ ਕਰਵਾਉਣਾ ਚਾਹੁੰਦਾ ਹੈ, ਉਸ ਨੂੰ ਕਰੋ। ਸ਼ਰਮ ਨਾ ਕਰੋ। ਜੇ ਕੋਈ...

167 ਅਤੇ, ਯਾਦ ਰਖੋ, ਮੈਂ ਜਾਣਦਾ ਹਾਂ ਕਿ ਬਹੁਤ ਵੱਡੀ ਗਲ ਹੈ। ਕਹੋਗੇ, "ਭਾਈ ਬ੍ਰਾਨਹਾਮ, ਤੁਸੀਂ ਆਖਦੇ ਹੋ ਕਿ ਕੇਵਲ ਅੱਠ ਰੂਹਾਂ ਹੀ ਬਚਾਈਆਂ ਜਾਣਗੀਆਂ?"

168 ਮੈਂ ਨਹੀਂ ਜਾਣਦਾ ਕਿ ਕਿੰਨੇ ਬਚਾਏ ਜਾਣਗੇ, ਮੈਂ ਤਹਾਨੂੰ ਨਹੀਂ ਦੱਸ ਸਕਦਾ। ਪਰ ਮੈਂ ਇੱਕ ਗਲ ਕਹਿੰਦਾ ਹਾਂ: ਇਸ ਤਰਾਂ ਦੇ ਦਿਨਾਂ ਵਿੱਚ, ਉਹ ਬਹੁਤ ਹੀ ਥੋੜੇ ਜਿਹੇ ਹੋਣਗੇ। ਕੇਵਲ ਸੋਚੋ, ਉਸ ਦਿਨ ਵਿੱਚ ਜਿਸ ਵਿੱਚ ਉਹ ਸੀ ਕਿੰਨੇ ਬਚਾਏ ਗਏ ਸਨ। ਨੂੰਹ ਦੇ ਦਿਨ ਬਾਰੇ ਸੋਚੋ, ਅਤੇ ਲੂਤ ਦੇ ਦਿਨਾਂ ਬਾਰੇ, ਅਤੇ ਉਹਨਾਂ ਸਾਰਿਆਂ ਬਾਰੇ, ਉਸ ਨੇ ਕਿਹਾ, "ਮਨੁੱਖ ਦੇ ਪੁੱਤ੍ਰ ਦੀ ਆਮਦ ਤੇ ਵੀ ਅਜਿਹਾ ਹੀ ਹੋਵੇਗਾ, 'ਕਿਉਂਕਿ, ਭੀੜਾ ਹੈ ਉਹ ਫਾਟਕ ਅਤੇ ਤੰਗ ਹੈ ਉਹ ਰਾਹ"। ਤੁਸੀਂ ਵੇਖਿਆ, ਤੁਸੀਂ ਆਪ ਹੀ, ਉਸਦੇ ਨਾਲ ਅੰਦਰ ਜਾਂਦੇ ਹੋ, ਅਤੇ ਇਹੀ ਸਭ ਹੈ। ਸਮਝੇ? "ਅਤੇ ਵਿਰਲੇ ਹਨ ਜੋ ਇਸ ਨੂੰ ਲਭਦੇ ਹਨ"। ਕਿੰਨੇ ਨਿਹਚਾ ਕਰਦੇ ਹਨ ਕਿ ਇਹ ਇੰਜੀਲ ਦੀ ਸਚਾਈ ਹੈ? ਯਿਸੂ ਮਸੀਹ ਨੇ

ਇੰਝ ਕਿਹਾ, “ਥੋੜੇ ਹੀ ਇਸ ਨੂੰ ਲਭਣਗੇ” । ਬੱਸ ਕੇਵਲ ਥੋੜੇ ਜਿਹੇ । ਉਹਨਾਂ ਥੋੜੇ ਜਿਹਾਂ ਵਿਚੋਂ ਇੱਕ ਬਣ ਜਾਓ । ਮੈਂ ਜਾਣਦਾ ਹਾਂ ਕਿ ਇਹ ਔਖਾ ਹੈ, ਇਹ ਕਠੋਰ ਹੈ । ਅਤੇ ਮੇਰੇ ਲਈ ਤਹਾਨੂੰ ਇਹ ਕਹਿਣਾ ਬਹੁਤ ਔਖਾ ਹੈ, ਤੁਹਾਡੇ ਲਈ ਮਨੁੱਖੀ ਪਿਆਰ ਨੂੰ ਮਹਿਸੂਸ ਕਰਦੇ ਹੋਏ, ਪਰ ਪਰਮੇਸ਼ੁਰ ਦਾ ਪ੍ਰੇਮ ਮੈਨੂੰ ਮਜਬੂਰ ਕਰਦਾ ਹੈ ਕਿ ਮੈਂ ਤਹਾਨੂੰ ਇਹ ਦੱਸਾਂ ।

169 ਹੁਣ, ਉਹੀ ਪਵਿੱਤਰ ਆਤਮਾ ਜਿਸ ਨੇ ਅਬਰਾਹਾਮ ਦੇ ਦਿਨਾਂ ਵਿੱਚ ਕੰਮ ਕੀਤਾ, ਮਸੀਹ ਦੇ ਦਿਨਾਂ ਵਿੱਚ ਕੰਮ ਕੀਤਾ, ਉਸੇ ਨੇ ਇਥੇ ਮੌਜੂਦ ਹੋਣ ਦਾ ਅਤੇ ਉਹੀ ਕੰਮ ਕਰਨ ਦਾ ਵਾਅਦਾ ਕੀਤਾ ਹੈ । ਉਹ ਇਥੇ ਹੈ । ਹੁਣ, ਜੇ ਮੈਂ ਤਹਾਨੂੰ ਸੱਚਾਈ ਦੱਸੀ ਹੈ ਤਾਂ ਪਰਮੇਸ਼ੁਰ ਉਸ ਸੱਚਾਈ ਨੂੰ ਪੂਰਾ ਕਰਨ ਦੇ ਲਈ ਜ਼ਿੰਮੇਵਾਰਹੈ ।

170 ਜੇ ਮੈਂ ਆਪਣੇ ਸ਼ਬਦਾਂ ਨੂੰ ਪੂਰਾ ਨਹੀਂ ਕਰਦਾ ਤਾਂ ਮੈਂ ਆਪਣੇ ਸ਼ਬਦਾਂ ਤੇ ਕਾਇਮ ਰਹਿਣ ਵਾਲਾ ਆਦਮੀ ਨਹੀਂ ਹਾਂ।ਜੇ ਤੁਸੀਂ ਆਪਣੇ ਸ਼ਬਦਾਂ ਨੂੰ ਪੂਰਾ ਨਹੀਂ ਕਰਦੇ ਤਾਂ ਤੁਸੀਂ ਆਪਣੇ ਸ਼ਬਦਾਂ ਤੇ ਕਾਇਮ ਰਹਿਣ ਵਾਲੇ ਆਦਮੀ ਨਹੀਂ ਹੋ । ਹੁਣ, ਹੋ ਸਕਦਾ ਹੈ ਕਿ ਮੈਂ ਤੁਹਾਡੇ ਨਾਲ ਕੋਈ ਵਾਅਦਾ ਕਰਾਂ ਅਤੇ ਇਸ ਨੂੰ ਪੂਰਾ ਨਾ ਕਰ ਸਕਾਂ, ਪਰ ਮੈਂ-ਮੈਂ ਤਹਾਨੂੰ ਆ ਕੇ ਦੱਸਾਂਗਾ । ਜੇ ਮੈਂ ਤੁਹਾਡਾ ਕੁਝ ਦੇਣਾ ਹੈ, ਅਤੇ ਤੁਹਾਡੇ ਕੋਲੋਂ ਲੁਕਾ ਲਵਾਂ, ਤਾਂ ਮੈਂ ਇੱਕ ਢੌਂਗੀ ਹਾਂ । ਜੇ ਮੈਂ ਆ ਕੇ ਤਹਾਨੂੰ ਆਖਾਂ, “ਮੈਂ ਤੁਹਾਡਾ ਦੇਣਦਾਰ ਹਾਂ, ਪਰ ਮੈਂ ਨਹੀਂ ਦੇ ਸਕਦਾ, ਪਰ ਮੈਂ ਆਪਣੀ ਪੂਰੀ ਕੋਸ਼ਿਸ ਕਰਾਂਗਾ,” ਤਦ ਤੁਸੀਂ ਮੈਨੂੰ ਮਾਫ਼ ਕਰੋਗੇ ਅਤੇ ਮੇਰੀ ਸਹਾਇਤਾ ਕਰੋਗੇ । ਸਮਝੇ?

171 ਅਸੀਂ ਸਾਰੇ ਪਰਮੇਸ਼ੁਰ ਨੂੰ ਕਿਸੇ ਚੀਜ ਲਈ ਦੇਣਦਾਰ ਹਾਂ । ਸਾਡੀਆਂ ਜਿੰਦਗੀਆਂ ਉਸ ਦੀਆਂ ਹਨ । ਇਸ ਦੇ ਬਾਰੇ ਇਮਾਨਦਾਰ ਰਹੋ । ਬਾਹਰ ਜਾ ਕੇ ਆਖੋ…ਇਹ ਨਾ ਆਖੋ, “ਅੱਛਾ, ਹੁਣ ਵੇਖੋ, ਮੈਂ-ਮੈਂ ਇੱਕ ਪ੍ਰੈਸਬੀਟਰਿਅਨ ਹਾਂ । ਮੈਂ ਮੈਥੋਡਿਸਟ ਹਾਂ । ਮੈਂ ਪੈਂਟੀਕੋਸਟਲ ਹਾਂ । ਮੈਂ ਚਰਚ ਆਫ ਗੋਡ ਹਾਂ । ਮੈਂ ਨਾਜ਼ਰੀਨ ਹਾਂ । ਮੈਂ ਇਕ ਪਿਲਗ੍ਰਿਮ ਹੋਲੀਨੈਸ ਹਾਂ” । ਇਸ ਤਰਾਂ ਨਾ ਸੋਚੋ! ਉਹਨਾਂ ਵਿਚੋਂ ਲੱਖਾਂ ਕਰੋੜਾਂ ਲੋਕ ਨਰਕ ਵਿੱਚ ਹੋਣਗੇ । ਤੁਸੀਂ ਮਸੀਹ ਵਿੱਚ, ਇੱਕ ਮਸੀਹੀ ਬਣੋ ।

172 ਕਿੰਨੇ ਇਹ ਕਹਿਣਗੇ, “ਭਾਈ ਬ੍ਰਾਨਹਾਮ, ਹੁਣ ਮੈਨੂੰ ਪ੍ਰਾਰਥਨਾ ਵਿੱਚ ਯਾਦ ਕਰਨਾ, ਮੈਂ ਉੱਪਰ ਉੱਠਣਾ ਚਾਹੁੰਦਾ ਹਾਂ?” ਪਰਮੇਸ਼ੁਰ ਤਹਾਨੂੰ ਬਰਕਤ ਦਵੇ ।

173 ਪ੍ਰਭੂ, ਤੂੰ ਉਹਨਾਂ ਦੇ ਹੱਥਾਂ ਨੂੰ ਵੇਖ । ਉਹ ਘੜੀ ਆ ਪਹੁੰਚੀ ਹੈ, ਮਹਾਨ ਪਵਿੱਤਰ ਆਤਮਾ ਨੇ ਇਸ ਸਵੇਰ ਇਸ ਇਮਾਰਤ ਨੂੰ ਆਪਣੇ ਅਧੀਨ ਕਰ ਲਿਆ ਹੈ । ਮੈਂ ਤੇਰੀ ਹਜੂਰੀ ਨੂੰ ਮਹਿਸੂਸ ਕਰਦਾ ਹਾਂ । ਮੈਨੂੰ ਇਹ ਅਹਿਸਾਸ

ਹੈ ਕਿ ਤੂੰ ਆਪਣੇ ਵਚਨ ਨੂੰ ਪੂਰਾ ਕਰਨ ਲਈ ਇਥੇ ਹੈਂ, "ਮੈਂ ਯਹੋਵਾਹ ਨੇ ਇਸ ਨੂੰ ਲਾਇਆ ਹੈ, ਮੈਂ ਇਸ ਨੂੰ ਦਿਨ ਰਾਤ ਸਿੰਜਦਾ ਰਹਾਂਗਾ, ਮਤੇ ਕੋਈ ਉਹ ਨੂੰ ਮੇਰੇ ਹੱਥੋਂ ਖੋਹ ਲਵੇ" । ਤੂੰ ਇੱਕ ਮਕਸਦ ਲਈ ਆਪਣੇ ਵਚਨ ਨੂੰ ਘਲਿਆ ਹੈ, ਅਤੇ ਇਸ ਨੂੰ-ਇਸ ਨੂੰ ਇਹ ਕਰਨਾ ਹੀ ਪਵੇਗਾ, ਪ੍ਰਭੂ । ਵਚਨ ਕਹਿੰਦਾ ਹੈ ਕਿ ਤੂੰ ਕਲ੍ਹ ਅੱਜ ਅਤੇ ਜੁਗਾਂਜੁੱਗ ਇੱਕੋ ਜਿਹਾ ਹੈਂ ।

174 ਉਹ ਵਿਸ਼ਵਾਸ ਨਾ ਕਰ ਸਕੇ, ਤੇਰੇ ਦਿਨਾਂ ਵਿੱਚ ਉਹ ਲੋਕ ਵਿਸ਼ਵਾਸ ਨਾ ਕਰ ਸਕੇ ਕਿ ਪਵਿੱਤਰ ਆਤਮਾ ਤੇਰੇ ਅੰਦਰ ਸੀ । ਅਤੇ ਤੂੰ (ਮਨੁੱਖ ਹੁੰਦੇ ਹੋਏ) ਆਪਣੇ ਆਪ ਨੂੰ ਪਰਮੇਸ਼ੁਰ ਬਣਾਇਆ, ਜੋ ਸੀ, ਤੂੰ ਕੁਆਰੀ ਤੋਂ ਜਨਮਿਆਂ ਪਰਮੇਸ਼ੁਰ ਦਾ ਪੁੱਤਰ ਸੀ ਜਿਹੜਾ ਧਰਤੀ ਉੱਤੇ ਸਾਨੂੰ ਸਾਡੇ ਪਾਪਾਂ ਤੋਂ ਮੁਕਤ ਕਰਣ ਲਈ ਆਇਆ । ਅਤੇ ਕਿਉਂਕਿ ਉਹਨਾਂ ਨੇ ਪਰਮੇਸ਼ੁਰ ਦੀ ਆਤਮਾ ਨੂੰ ਤੇਰੇ ਅੰਦਰ ਵੇਖ ਲਿਆ ਸੀ, ਉਹਨਾਂ ਇਸ ਨੂੰ ਕੁਝ ਹੋਰ ਬਣਾਉਣ ਦੀ ਕੋਸ਼ਿਸ ਕੀਤੀ । ਅਤੇ ਤੂੰ ਉਹਨਾਂ ਨੂੰ ਦੱਸਿਆ, ਪਭੂ, "ਇਹ ਮੈਂ ਨਹੀਂ ਹਾਂ ਜੋ ਕੰਮ ਕਰਦਾ ਹਾਂ, ਇਹ ਤਾਂ ਮੇਰਾ ਪਿਤਾ ਹੈ ਜਿਹੜਾ ਮੇਰੇ ਅੰਦਰ ਰਹਿੰਦਾ ਹੈ । ਉਹ ਸਾਰੇ ਕੰਮਾਂ ਨੂੰ ਕਰਦਾ ਹੈ । ਜੇ ਤੁਸੀਂ 'ਅਬਰਾਹਮ' ਨੂੰ ਆਪਣਾ ਪਿਤਾ ਆਖਿਆ ਹੈ । ਅਬਰਾਹਾਮ ਨੇ ਮੇਰੇ ਦਿਨ ਨੂੰ ਵੇਖਿਆ"। ਪੱਕੀ ਗਲ ਹੈ, ਉਸ ਨੇ ਵੇਖਿਆ, ਜੱਦ ਉਹ ਉਸ ਦੇ ਕੋਲ ਖੜਾ ਸੀ, ਉਸ ਨੂੰ ਉਹ ਕੰਮ ਅਤੇ ਨਿਸ਼ਾਨ ਪ੍ਰਗਟ ਕਰਦੇ ਵੇਖਿਆ । "ਉਸ ਨੇ ਮੇਰੇ ਦਿਨ ਨੂੰ ਵੇਖਿਆ ਅਤੇ ਅਨੰਦ ਹੋਇਆ" । ਕਿਹਾ, "ਤੁਸੀਂ ਨਾ ਤਾਂ ਲਿਖਤਾਂ ਨੂੰ ਅਤੇ ਨਾ ਹੀ ਪਰਮੇਸ਼ੁਰ ਦੀ ਸਮਰਥ ਨੂੰ ਜਾਣ ਕੇ ਗਲਤ ਕਰ ਰਹੇ ਹੋ, ਕਿਵੇਂ ਪਰਮੇਸ਼ੁਰ ਇੱਕ ਕੁਆਰੀ ਤੇ ਛਾਇਆ ਕਰ ਸਕਦਾ ਸੀ, ਅਤੇ (ਇੱਕ ਕੁਆਰੀ ਤੋਂ) ਇੱਕ ਪੁੱਤ੍ਰ ਨੂੰ ਲੈ ਕੇ ਆ ਸਕਦਾ ਸੀ ਅਤੇ ਆਪਣੀ ਸਮਰਥ ਦੀ ਭਰਪੂਰੀ ਨਾਲ, ਉਸ ਇੱਕ ਮਨੁੱਖ ਵਿੱਚ ਵਾਸ ਕਰ ਸਕਦਾ ਸੀ" ।

175 ਅਤੇ ਕਿਵੇਂ ਉਹ ਉਸੇ ਸ਼ਰੀਰ ਵਿਚੋਂ ਲਹੂ ਨੂੰ ਲੈ ਸਕਦਾ ਸੀ ਜਿਸ ਨੂੰ ਉਸ ਨੇ ਬਲੀਦਾਨ ਲਈ ਦੇ ਦਿੱਤਾ ਤਾਂ ਜੋ ਉਹਨਾਂ ਲੋਕਾਂ ਨੂੰ ਸ਼ੁਧ ਕਰੇ ਜਿਹਨਾਂ ਵਿੱਚ ਓਹ ਆਪ ਵਾਸ ਕਰ ਸਕੇ ਅਤੇ ਅੰਤ ਤੀਕ ਆਪਣੇ ਕੰਮਾਂ ਨੂੰ ਜਾਰੀ ਰੱਖ ਸਕੇ! ਹੇ ਪਰਮੇਸ਼ੁਰ, ਲੋਕਾਂ ਨੂੰ ਇਹ ਵੇਖਣ ਲਈ ਜਗਾ । ਇਹ ਬਖਸ਼ ਦੇ । ਉਸ ਹਰੇਕ ਨੂੰ ਬੱਚਾ ਜਿਸ ਨੇ ਆਪਣੇ ਹੱਥ ਨੂੰ ਉੱਪਰ ਚੁਕਿਆ ਹੈ । ਉਹਨਾਂ ਦੇ ਦਿਲਾਂ ਨੂੰ ਸਾਫ਼ ਕਰ । ਪ੍ਰਭੂ, ਮੇਰੇ ਹੱਥ ਖੜੇ ਹਨ । ਮੈਨੂੰ ਸਾਫ਼ ਕਰ, ਹੇ ਪ੍ਰਭੂ । ਇਹ ਸੁਧਾਰ ਦਾ ਘਰ ਹੈ । ਇਹ ਉਹ ਸਥਾਨ ਹੈ ਜਿਥੇ ਸਾਨੂੰ ਧੋਤਾ ਜਾਣਾ ਚਾਹੀਦਾ ਹੈ । ਅੱਜ ਸਵੇਰ ਇਹ ਹੋਣ ਦੇ ਕਿ ਪਵਿੱਤਰ ਆਤਮਾ ਸਾਨੂੰ ਧੋਵੇ, ਅਤੇ ਸਾਡੇ ਤੋਂ ਭ੍ਰਿਸ਼ਟਤਾ ਨੂੰ ਸਾਫ਼ ਕਰੇ ।

176 ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਕਿ ਇਸ ਜਗਾ ਤੇ ਅਜਿਹਾ ਇੱਕ ਵੀ ਸ਼ਖਸ ਨਾ ਰਹੇ ਜਿਹੜਾ ਤੇਰੀ ਆਤਮਾ ਨਾਲ ਨਾ ਭਰਿਆ ਜਾਵੇ । ਤੇਰੀ ਆਤਮਾ । ਹੋਣ ਦੇ ਕਿ ਜੱਦ ਇਹ ਹੋਵੇ ਤਾਂ ਇੱਕ ਵੀ ਬਾਹਰਲੀ ਭਾਵਨਾ ਨਾ ਰਹੇ । ਪਰ, ਪ੍ਰਭੂ, ਅੰਦਰ ਜਾ, ਖੋਲ ਨੂੰ ਉਤਾਰ ਦੇ, ਅਤੇ ਸਾਨੂੰ ਵਿਖਾ ਕਿ ਅਸੀਂ ਕੀ ਹਾਂ, ਪ੍ਰਭੂ । ਇਹ ਬਖਸ ਦੇ । ਅਤੇ ਫਿਰ ਸਾਨੂੰ ਆਪਣੀ ਆਤਮਾ ਨਾਲ ਭਰ ਦੇ, ਇੱਕ ਅਜਿਹੇ ਦਿਲ ਨਾਲ ਜਿਹੜਾ ਸੱਚਾ ਅਤੇ ਸ਼ੁਧ ਹੋਵੇ । ਅਤੇ ਇਸ ਸਤਾਏ ਜਾਣ ਅਤੇ ਸਖਤ ਪਰਤਾਵਿਆਂ ਦੇ ਵੇਲੇ, ਤੂੰ ਸਾਡੇ ਲਈ ਹੋਰ ਮਿੱਠਾ ਅਤੇ ਪਿਆਰਾ ਹੁੰਦਾ ਜਾਵੇਂਗਾ, ਜਿਵੇਂ ਜਿਵੇਂ ਅਸੀਂ ਉਸ ਦਿਨ ਨੂੰ ਉਡੀਕਦੇ ਹੋਏ ਤੇਰੇ ਨਾਲ ਨਾਲ ਚਲਦੇ ਹਾਂ । ਜੱਦ ਹੰਝੂ ਸਾਡੀਆਂ ਗਲ੍ਹਾਂ ਤੋਂ ਹੇਠਾਂ ਵਹਿ ਰਹੇ ਹਨ, ਇਸ ਸ਼ਹਿਰ ਦੇ ਪਾਪਾਂ ਦੇ ਲਈ, ਕਾਸ਼ ਪਵਿੱਤਰ ਆਤਮਾ ਹੇਠਾਂ ਵੇਖੇ ਅਤੇ ਆਖੇ, “ਉਥੇ ਇੱਕ ਹੈ ਜਿਸ ਤੇ ਮੈਂ ਨਿਸ਼ਾਨ ਲਗਾ ਸਕਦਾ ਹਾਂ, ਉਹ ਮੇਰਾ ਹੈ, ਉਹ ਮੇਰੀ ਹੈ” । ਇਹ ਬਖਸ ਦੇ, ਪ੍ਰਭੂ। ਹੋਣ ਦੇ ਕਿ ਅੱਜ ਇਹ ਸਾਡੇ ਵਿਚਕਾਰ ਪਾਇਆ ਜਾਵੇ । ਅਸੀਂ ਇਹ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

ਜੱਦ ਮੈਂ ਦਿਨ ਢਲਣ ਦੇ ਵੇਲੇ ਨਦੀ ਕੋਲ ਆਵਾਂਗਾ,
ਅਤੇ ਦੁੱਖ ਦੀ ਅਖੀਰਲੀ ਹਨੇਰੀ ਵੱਗ ਚੁਕੀ ਹੋਵੇਗੀ;
ਉਥੇ ਕੋਈ ਉਡੀਕ ਰਿਹਾ ਹੋਵੇਗਾ ਜਿਹੜਾ ਮੈਨੂੰ ਰਾਹ
ਵਿਖਾਵੇਗਾ,
ਮੈਨੂੰ ਇੱਕਲੇ ਹੀ ਯਰਦਨ ਪਾਰ ਨਹੀਂ ਕਰਨੀ ਪਵੇਗੀ ।

ਮੈਨੂੰ ਇੱਕਲੇ ਹੀ ਯਰਦਨ ਪਾਰ ਨਹੀਂ ਕਰਨੀ ਪਵੇਗੀ,
ਯਿਸੂ ਮੇਰੇ ਸਾਰੇ ਪਾਪਾਂ ਦੇ ਪ੍ਰਾਸਚਿਤ ਲਈ ਮਰਿਆ;
ਜੱਦ ਮੈਂ ਹਨੇਰੇ ਨੂੰ ਵੇਖਾਂਗਾ, ਤਾਂ ਉਹ ਮੇਰੇ ਲਈ ਉਡੀਕ
ਰਿਹਾ ਹੋਵੇਗਾ,
ਮੈਨੂੰ ਇੱਕਲੇ ਹੀ ਯਰਦਨ ਪਾਰ ਨਹੀਂ ਕਰਨੀ ਪਵੇਗੀ ।

177 ਮੈਂ ਹੁਣ ਉਸਨੂੰ ਜਾਣਨਾ ਚਾਹੁੰਦਾ ਹਾਂ।ਮੇਰਾ ਹੱਥ ਲੈ, ਅਨਮੋਲ ਪ੍ਰਭੂ, ਮੇਰੀ ਅਗਵਾਈ ਕਰੋ, ਮੈਨੂੰ ਖੜਾ ਹੋਣ ਦੇ । ਪ੍ਰਭੂ, ਮੈਨੂੰ ਉਸ ਹਰੇਕ ਚੀਜ ਦੇ ਖਿਲਾਫ਼ ਖੜਾ ਹੋਣ ਦੇ ਜਿਸ ਨੂੰ ਅਸ਼ੁੱਧ ਕਿਹਾ ਜਾਂਦਾ ਹੈ, ਹਰੇਕ ਚੀਜ ਜਿਹੜੀ ਅਸ਼ੁੱਧ ਵਿਖਾਈ ਦੇਂਦੀ ਹੈ । ਮੈਂ ਪਰਵਾਹ ਨਹੀਂ ਕਰਦਾ ਕਿ ਕੋਈ ਹੋਰ ਕੀ ਆਖਦਾ ਹੈ, ਮੈਨੂੰ ਖੜਾ ਹੋਣ ਦੇ, ਪ੍ਰਭੂ । ਜੱਦ ਉਹ ਚੀਜਾਂ ਆਉਣ, ਅਤੇ ਇਸ ਜਗਤ ਦੇ ਖਜਾਨੇ ਅਤੇ ਇਸ ਦੀ ਸਾਰੀ ਤੜਕ ਭੜਕ ਅਤੇ ਇਸ ਦੀ ਸ਼ਾਨ; ਮੇਰੀਆਂ ਅੱਖਾਂ ਨੂੰ ਇਸ ਦੇ ਲਈ ਅੰਨ੍ਹੀਆਂ ਕਰ ਦੇਣਾ, ਮੈਨੂੰ ਕੇਵਲ ਉਸ ਨੂੰ ਵੇਖਣ ਦੇ ਜੋ ਮੇਰੇ ਲਈ ਮਰ ਗਿਆ ।ਜੇ ਇਸ ਦੀ ਕੀਮਤ ਮੇਰਾ ਹਰੇਕ ਮਿੱਤਰ ਹੈ, ਜੇ

ਇਸ ਦੀ ਕੀਮਤ ਉਹ ਹਰੇਕ ਚੀਜ ਜੋ ਵੀ ਮੇਰੇ ਕੋਲ ਹੈ; ਇਸ ਨਾਲ ਕੋਈ ਫਰਕ ਨਹੀਂ ਪੈਂਦਾਮੈਂ ਇਹ ਸਭ ਵੇਦੀ ਉੱਤੇ ਸਮਰਪਿਤ ਕਰਦਾ ਹਾਂ ।ਇਹੀ ਹੈ, ਮੈਨੂੰ ਵਫ਼ਾਦਾਰੀ ਨਾਲ ਖੜਾ ਹੋਣ ਦਿਓ ।ਅਤੇ ਕਿਸੇ ਦਿਨ ਜਦੋਂ ਸੁਆਸਮੇਰੇ ਮੂੰਹ ਤੋਂ ਦੂਰ ਜਾ ਰਹੇ ਹੋਣਗੇ, ਅਤੇ ਮੈਂ ਜਾਨਾਂਗਾ ਕਿ ਮੇਰਾ ਦਿਲ ਰੁੱਕ ਗਿਆ ਹੈ ਅਤੇ ਮੇਰੇ ਦਿਨ ਖਤਮ ਹੋ ਗਏ ਹਨ, ਅਤੇ ਮੇਰਾ ਸਮਾਂ ਪੂਰਾ ਹੋ ਗਿਆ ਹੈ ਅਤੇ ਮੇਰੇ ਪੱਤੇ ਮੇਜ ਤੋਂ ਚੁੱਕੇ ਗਏ ਹਨ, ਮੈਂ ਇੱਕਲਾ ਯਰਦਨ ਪਾਰ ਨਹੀਂ ਜਾਣਾ ਚਾਹਾਂਗਾ । ਉਹ ਉਥੇ ਹੋਵੇਗਾ । ਹਾਂ । ਜੱਦ ਮੈਂ ਹਨੇਰੇ ਨੂੰ ਵੇਖਾਂਗਾ, ਉਹ ਉਥੇ ਮੇਰੀ ਉਡੀਕ ਕਰ ਰਿਹਾ ਹੋਵੇਗਾ, ਮੈਨੂੰ ਇੱਕਲੇ ਹੀ ਯਰਦਨ ਪਾਰ ਨਹੀਂ ਜਾਣਾ ਪਵੇਗਾ । ਜੇ ਮੈਂ ਹੁਣ ਉਸ ਦੇ ਲਈ ਖੜਾ ਹੋਵਾਂਗਾ ਤਾਂ ਉਹ ਉਸ ਵੇਲੇ ਮੇਰੇ ਲਈ ਖੜਾ ਹੋਵੇਗਾ । ਮੈਂ ਉਸ ਲਈ ਜੀਵਾਂਗਾ ਜੋ ਮੇਰੇ ਲਈ ਮਰ ਗਿਆ, ਤਾਂ ਫਿਰ ਮੇਰੀ ਜਿੰਦਗੀ ਕਿੰਨੀ ਖੁਸ਼ਹਾਲ ਹੋਵੇਗੀ । ਮੈਂ ਇਸੇ ਤਰਾਂ ਖੜਾ ਹੋਣਾ ਚਾਹੁੰਦਾ ਹਾਂ ।

178 ਮੇਰਾ ਅੰਦਾਜਾ ਹੈ ਕਿ ਇਥੇ ਬੀਮਾਰ ਲੋਕ ਹਨ । ਕੀ ਉਸ ਨੇ ਕੋਈ ਪ੍ਰਾਰਥਨਾ ਕਾਰਡ ਦਿੱਤੇ ਹਨ? ਮੈਂ ਭੁਲ ਗਿਆ ਹਾਂ । ਕੀ ਉਹਨਾਂ ਨੇ ਪ੍ਰਾਰਥਨਾ ਕਾਰਡ ਦਿਤੇ ਹਨ? ਕੀ ਕੋਈ ਕਾਰਡ ਦਿੱਤਾ ਗਿਆ ਹੈ । ਕਿਸੇ ਕੋਲ ਪ੍ਰਾਰਥਨਾ ਕਾਰਡ ਹੈ? ਨਹੀਂ?

179 ਮੈਂ ਬੱਸ ਪਵਿੱਤਰ ਆਤਮਾ ਦੇ ਲਈ ਰੁਕਿਆ ਹੋਇਆ ਹਾਂ । ਜੇ ਤੁਸੀਂ ਕੇਵਲ ਵਿਸ਼ਵਾਸ ਕਰੋ, ਕੇਵਲ ਵਿਸ਼ਵਾਸ ਰੱਖੋ, ਸ਼ੱਕ ਨਾ ਕਰੋ । ਜੇ ਪਰਮੇਸ਼ੁਰ ਮੇਰੇ ਤੇ ਤੁਹਾਡੀਆਂ ਪਰੇਸ਼ਾਨੀਆਂ ਪ੍ਰਗਟ ਕਰਦਾ ਹੈ...ਇਹ ਜੋ ਵੀ ਹੈ, ਮੈਂ ਨਹੀਂ ਜਾਣਦਾ; ਜੇ ਤੁਸੀਂ ਆਪਣਾ ਹੱਥ ਉੱਪਰ ਚੁਕਦੇ ਹੋ ਤਾਂ ਇਸਦਾ ਮਤਲਬ ਹੈ ਕਿ ਨਾ ਤੇ ਮੈਂ ਤਹਾਨੂੰ ਜਾਣਦਾ ਹਾਂ ਅਤੇ ਨਾ ਹੀ ਤੁਸੀਂ ਮੈਨੂੰ ਜਾਣਦੇ ਹੋ । ਤੱਦ ਜੇ ਪਰਮੇਸ਼ੁਰ ਇਸ ਜਗਾ ਤੇ ਪ੍ਰਗਟ ਕਰਦਾ ਹੈ, ਤਾਂ ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਇਹ ਓਹੀ ਦੂਤ ਸੀ ਜਿਹੜਾ ਉਸ ਸਮੇਂ ਤਬਾਹੀ ਤੋਂ ਪਹਿਲਾਂ ਸੰਦੇਸ਼ ਲੈ ਕੇ ਆਇਆ ਸੀ, ਇਹ ਓਹੀ ਦੂਤ ਸੀ ਜਿਹੜਾ ਇਸ ਵੇਲੇ ਇਸ ਨੂੰ ਇੱਕ ਹੋਰ ਤਬਾਹੀ ਤੋਂ ਪਹਿਲਾਂ ਦੁਬਾਰਾ ਲੈ ਕੇ ਆ ਰਿਹਾ ਸੀ । ਕੀ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ? ਜੇ ਤੁਸੀਂ ਕਰੋਗੇ, ਤਾਂ ਆਪਣੇ ਹੱਥ ਉੱਪਰ ਚੁੱਕੋ । ਸਭ ਠੀਕ ਹੈ । ਸਭ ਠੀਕ ਹੈ, ਕਾਸ਼ ਪਰਮੇਸ਼ੁਰ ਇਸ ਨੂੰ ਬਖਸ ਦਵੇ ।

180 ਉਹ ਮੇਰੇ ਨੇੜੇ ਬੈਠਾ ਹੋਇਆ ਹੈ । ਇੱਕ ਹੋਰ ਮੇਰੇ ਨੇੜੇ ਬੈਠਾ ਹੋਇਆ ਹੈ, ਉਹ ਸ਼੍ਰੀਮਤੀ ਸਨਾਈਡਰ ਹਨ ਜਾਂ ਸ਼੍ਰੀਮਤੀ ਮਰਫੀ ਹਨ, ਉਹਨਾਂ ਦਾ ਕੀ ਨਾਮ ਹੈ, ਠੀਕ ਇਸ ਜਗਾ ਤੇ ਬੈਠੇ ਹੋਏ ਹਨ । ਮੈਂ ਉਹਨਾਂ ਨੂੰ ਜਾਣਦਾ ਹਾਂ ।

181 ਮੈਂ ਇਸ ਆਦਮੀ ਨੂੰ ਨਹੀਂ ਜਾਣਦਾ, ਇਹ ਮੇਰੇ ਲਈ ਇੱਕ ਅਜਨਬੀ ਹੈ। ਪਰ ਪਰਮੇਸ਼ੁਰ ਇਸ ਨੂੰ ਜਾਣਦਾ ਹੈ। ਜੇ ਹੁਣ ਪਰਮੇਸ਼ੁਰ ਇਸ ਨੂ ਪ੍ਰਗਟ ਕਰੇ, ਤੁਹਾਡੇ ਵਿਚੋਂ ਕਿੰਨੇ ਇਹ ਜਾਣਦੇ ਹਨ ਕਿ ਇਹ…

182 ਮੇਰੇ ਵਲ ਨਾ ਵੇਖੋ। ਮੈਂ, ਜਿਥੋਂ ਤੱਕ ਮੇਰੇ ਬਾਰੇ ਕੁਝ ਹੈ, ਮੈਂ ਇੱਕ ਸਧਾਰਣ ਕੈਂਟਕੀ ਨਿਵਾਸੀ ਹਾਂ। ਮੇਰੇ-ਮੇਰੇ ਕੋਲ ਐਨੀ ਪੜ੍ਹਾਈ ਵੀ ਨਹੀਂ ਹੈ, ਕਿ ਮੁਸ਼ਕਿਲ ਨਾਲ, ਆਪਣਾ ਨਾਮ ਵੀ ਲਿੱਖ ਸਕਾਂ। ਪਰ ਇੱਕ ਚੀਜ ਹੈ ਜੋ ਮੈਂ ਜਾਣਦਾ ਹਾਂ, ਮੈਂ ਉਸ ਨੂੰਜਾਣਦਾ ਹਾਂ। ਅਤੇ, ਇਹ ਉਹ ਸਭ ਹੈ, ਜੋ-ਜੋ ਮੈਂ ਜਾਣਨਾ ਚਾਹੁੰਦਾ ਹਾਂ। ਹੁਣ, ਮੇਰੀ ਵਿਆਕਰਣ ਵਲ ਕੋਈ ਧਿਆਨ ਨਾ ਦਿਓ।

183 ਅਤੇ ਤੁਸੀਂ ਸੋਚ ਸਕਦੇ ਹੋ ਕਿ ਇਸ ਸਵੇਰ ਮੇਰਾ ਸਾਰਾ ਉਪਦੇਸ਼ ਬੇਤੁੱਕਾ ਸੀ ਅਤੇ ਸਭ ਕੁਝ, ਤੁਸੀਂ ਇੱਕ ਵਾਰ ਇਸ ਨੂੰ ਬਾਈਬਲ ਨਾਲ ਮਿਲਾ ਕੇ ਵੇਖੋ ਅਤੇ ਵੇਖੋ ਕਿ ਤੁਸੀਂ ਠੀਕ ਨਿਸ਼ਾਨੇ ਤੇ ਹੁੰਦੇ ਹੋ ਜਾਂ ਨਹੀਂ। ਵੇਖੋ ਕਿ ਤੁਹਾਡੀ ਦੂਰਬੀਨ ਇਸ ਉੱਤੇ ਹੈ, ਜੱਦ ਤੁਸੀਂ ਇਸ ਨੂੰ ਉਥੇ ਰਖਦੇ ਹੋ। ਇਸ ਨੂੰ ਆਪਣੇ ਵਿਚਾਰਾਂ ਨਾਲ ਨਾ ਮਿਲਾਓ, ਪਰ ਉਸ ਨਾਲ ਮਿਲਾਓ ਜੋ ਉਸ ਨੇ ਕਿਹਾ ਸੀ। “ਭੀੜਾ ਹੈ ਉਹ ਫਾਟਕ, ਤੰਗ ਹੈ ਉਹ ਰਾਹ, ਅਤੇ ਵਿਰਲੇ ਹਨ ਜਿਹੜੇ ਇਸ ਨੂੰ ਲਭਦੇ ਹਨ; ‘ਕਿਓਂ ਜੋ ਚੌੜਾ ਹੈ ਉਹ ਰਾਹ ਜਿਹੜਾ ਤਬਾਹੀ ਨੂੰ ਜਾਂਦਾ ਹੈ, ਅਤੇ ਖੁਲ੍ਹਾ ਹੈ ਉਹ ਫਾਟਕ, ਅਤੇ ਬਹੁਤੇ ਉਸ ਰਾਹ ਤੇ ਜਾਂਦੇ ਹਨ,” ਲੱਖਾਂ ਕਰੋੜਾਂ ਗੁਣਾ ਲੋਕ ਉਸ ਵਿੱਚ ਜਾਣਗੇ। ਸ਼ਾਇਦ ਦੱਸ ਲੱਖ ਵਿਚੋਂ ਇੱਕ ਇਸ ਰਾਹ ਤੇ ਆਵੇਗਾ। ਇਥੇ ਹੋ ਤੁਸੀਂ। ਇਹੀ ਹੈ ਜੋ ਉਸ ਨੇ ਕਿਹਾ ਸੀ। ਹੁਣ, ਉਸ ਨੇ ਕਦੇ ਵੀ ਕੋਈ ਗਿਣਤੀ ਨਹੀਂ ਦੱਸੀ, ਪਰ ਉਸ ਨੇ ਕਿਹਾ, “ਜਿਵੇਂ ਨੂੰਹ ਦੇ ਦਿਨਾਂ ਵਿੱਚ ਸੀ, ਅੱਠ ਰੂਹਾਂ। ਜਿਵੇਂ ਨੂੰਹ ਦੇ ਦਿਨਾਂ ਵਿੱਚ ਸੀ, ਤਿੰਨ”। ਉਹਨਾਂ ਸਾਰਿਆਂ ਵਿਚੋਂ ਕੇਵਲ ਤਿੰਨ ਅੱਗ ਤੋਂ ਬਚਾਏ ਗਏ ਸਨ। ਇਸ ਤਰਾਂ ਹੀ ਹੋਵੇਗਾ!

184 ਹੁਣ, ਜੇ ਕੋਈ ਅਸਲ ਵਿੱਚ ਆਤਮਿਕ ਹੈ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਆਦਮੀ ਵਲ ਵੇਖੋ ਜਿਹੜਾ ਇਥੇ ਬੈਠਾ ਹੋਇਆ ਹੈ, ਉਹ ਮੈਨੂੰ ਲਗਾਤਾਰ ਵੇਖੀ ਜਾ ਰਿਹਾ ਹੈ। ਉਸ ਨੇ ਆਪਣਾ ਹੱਥ ਖੜਾ ਕੀਤਾ ਹੋਇਆ ਹੈ, ਮੈਂ ਉਸ ਨੂੰ ਨਹੀਂ ਜਾਣਦਾ; ਉਸ ਨੂੰ ਕਦੇ ਨਹੀਂ ਵੇਖਿਆ, ਅਤੇ ਮੈਂ ਉਸਦੇ ਬਾਰੇ ਕੁਝ ਵੀ ਨਹੀਂ ਜਾਣਦਾ ਹਾਂ। ਉਹ ਬੱਸ ਉਥੇ ਬੈਠਾ ਮੇਰੇ ਵਲ ਵੇਖ ਰਿਹਾ ਹੈ। ਪਰ, ਵੇਖੋ, ਉਹ ਇੱਕ ਸੰਪਰਕ ਬਣਾ ਰਿਹਾ ਹੈ, ਉਹ ਪ੍ਰਾਰਥਨਾ ਕਰ ਰਿਹਾ ਹੈ। ਹੁਣ, ਇਹ ਸਹੀ ਹੈ। ਹੁਣ, ਜੇ ਪਰਮੇਸ਼ੁਰ ਮੈਨੂੰ ਦੱਸ…ਉਹ ਆਦਮੀ ਜੋ ਮੇਰੇ ਤੋਂ ਇਸ ਦੂਰੀ ਤੇ ਬੈਠਾ ਹੋਇਆ ਹੈ, ਅਤੇ ਇਹ ਸਾਡੀ ਪਹਿਲੀ ਸਭਾ ਹੈ, ਅਤੇ ਉਹ ਉਥੇ ਬੈਠਾ ਹੋਇਆ ਹੈ। ਜੇ ਪ੍ਰਭੂ ਮੇਰੇ ਤੇ ਪ੍ਰਗਟ ਕਰੇ ਕਿ ਉਹ-ਕਿ ਉਹ…ਮੈਂ-ਮੈਂ ਉਸ ਨੂੰ

ਚੰਗਾ ਨਹੀਂ ਕਰ ਸਕਦਾ । ਮੈਂ ਨਹੀਂ, ਮੈਂ ਇਹ ਨਹੀਂ ਕਰ ਸਕਦਾ, 'ਕਿਉਂਕਿ ਪਰਮੇਸ਼ੁਰ ਨੇ ਇਹ ਪਹਿਲਾਂ ਹੀ ਕਰ ਦਿੱਤਾ ਹੈ । ਪਰ ਇਹ ਤੁਹਾਡੇ ਵਿਸ਼ਵਾਸ ਨੂੰ ਵਧਾਵੇਗਾ । ਹੁਣ ਹਰ ਕੋਈ ਵੇਖ ਰਿਹਾ ਹੈ, ਉਹ ਠੀਕ ਇਸ ਜਗ੍ਹਾ ਤੇ ਹੈ, ਉਹੀ ਆਤਮਾ । ਅਤੇ ਯਾਦ ਰਖਣਾ, ਯਿਸੂ ਨੇ ਇਹ ਵਾਅਦਾ ਕੀਤਾ ਸੀ, ਅੰਤ ਸਮੇਂ ਤੋਂ ਪਹਿਲਾਂ । ਇਹ ਹਮੇਸ਼ਾ ਹੀ ਆਖਰੀ ਨਿਸ਼ਾਨ ਰਿਹਾ ਹੈ ।

185 ਕਿਸੇ ਹੋਰ ਦਿਨ, ਲਿਓ ਅਤੇ ਮੈਂ ਗਲੀ ਵਿੱਚ ਬੈਠੇ ਹੋਈ ਸਾਂ, ਅਤੇ ਸਾਡੇ ਵਿਚੋਂ ਕੁਝ ਗਲਾਂ ਕਰ ਰਹੇ ਸੀ । ਅਤੇ ਮੈਂ ਇਹ ਮਹਿਸੂਸ ਕਰਦਾ ਜਾ ਰਿਹਾ ਸੀ ਕਿ ਇੱਕ ਬਦਲਾਓ ਆ ਰਿਹਾ ਹੈ, ਇੱਕ ਬਦਲਾਓ ਆ ਰਿਹਾ ਹੈ । ਜੱਦ ਅਸੀਂ ਇਹਦੇ ਬਾਰੇ ਬੋਲਦੇ ਹਾਂ, ਇਹ ਮੇਰੀ ਸੇਵਕਾਈ ਵਿੱਚ ਬਦਲਾਓ ਨਹੀ ਹੋਵੇਗਾ, 'ਕਿਉਂਕਿ ਇਹ ਹੋਰ ਜਿਆਦਾ ਨਹੀਂ ਹੋ ਸਕਦਾ, ਪਰ ਇਹ ਮੇਰੇ ਅੰਦਰ ਇੱਕ ਬਦਲਾਓ ਆਵੇਗਾ । ਮੈਂ ਹਮੇਸ਼ਾ ਕਮਜ਼ੋਰ ਰਿਹਾ ਹਾਂ ਅਤੇ ਮੈਂ ਬੱਸ ਲੋਕਾਂ ਨੂੰ ਆਪਣੇ ਆਪ ਦੀ ਅਗਵਾਈ ਅਤੇ ਮਾਰਗਦਰਸ਼ਨ ਕਰਨ ਦੇਂਦਾ ਹਾਂ, ਅਤੇ ਉਹ ਮੈਨੂੰ *ਇਸ* ਪਾਸੇ ਅਤੇ *ਉਸ* ਪਾਸੇ ਭੇਜਦੇ ਹਨ । ਜੇ ਮੈਂ ਕੁਝ ਕਰ ਦਿੱਤਾ ਹੁੰਦਾ ਜੋ ਪਰਮੇਸ਼ੁਰ ਨੇ ਮੈਨੂੰ ਬਹੁਤ ਸਮਾਂ ਕਰਨ ਲਈ ਕਿਹਾ ਸੀ, ਤਾਂ ਮੈਂ ਉਸ ਮੁਸੀਬਤ ਵਿੱਚ ਨਾ ਹੁੰਦਾ ਜਿਸ ਵਿੱਚ ਮੈਂ ਅੱਜ ਹਾਂ । ਮੈਂ ਅਗਲੇ ਹਫਤੇ ਲਈ ਪਰਮੇਸ਼ੁਰ ਨਾਲ ਇੱਕਲਾ ਰਹਿਣ ਲਈ ਬਾਹਰ ਜਾ ਰਿਹਾ ਹਾਂ । ਹਾਂ ਸ਼੍ਰੀਮਾਨ । ਮੈਨੂੰ-ਮੈਨੂੰ ਸਵਰਗ ਤੋਂ ਹੀ ਸੁਣਨਾ ਚਾਹੀਦਾ ਹੈ । ਮੈਂ ਇੱਕ ਕਮਜ਼ੋਰ ਨਹੀਂ ਬਣਨਾ ਚਾਹੁੰਦਾ, ਮੈਂ ਆਪਣੇ ਵਿਸ਼ਵਾਸ ਤੇ ਖੜਨਾ ਚਾਹੁੰਦਾ ਹਾਂ ।

186 ਇਹ ਆਦਮੀ, ਇਹ ਠੀਕ ਉਸ ਦੇ ਕੋਲ ਵਾਪਸ ਆ ਰਿਹਾ ਹੈ, ਉਹ ਪਿੱਛੇ ਬੈਠਾ ਹੋਇਆ ਹੈ, 'ਕਿਉਂਕਿ ਉਹ ਆਦਮੀ ਵਿਸ਼ਵਾਸ ਕਰ ਰਿਹਾ ਹੈ, ਉਹ ਅਸਲ ਵਿੱਚ ਵਿਸ਼ਵਾਸ ਕਰ ਰਿਹਾ ਹੈ ।ਮੈਂ ਸਰੋਤਿਆਂ ਨੂੰ ਹਰ ਥਾਂ ਵੇਖਰਿਹਾ ਹਾਂ, ਅਤੇ ਇਹ ਮੁੜ ਉਸ ਆਦਮੀ ਉੱਤੇ ਆ ਜਾਂਦਾ ਹੈ । ਉਸ ਨੂੰ ਕਿਸੇ ਚੀਜ ਦੀ ਲੋੜ ਹੈ, ਉਸ ਤੇ ਕੋਈ ਬੋਝ ਹੈ, ਪਰ ਉਹ ਕਿਸੇ ਹੋਰ ਦੇ ਲਈ ਬੋਝ ਹੇਠ ਹੈ । ਇਹ ਸਹੀ ਹੈ । ਤੁਸੀਂ ਕਿਸੇ ਹੋਰ ਲਈ ਪ੍ਰਾਰਥਨਾ ਕਰ ਰਹੇ ਹੋ । ਤੁਹਾਡੇ ਦਿਲ ਵਿਚ ਕੋਈ ਹੋਰ ਹੈ । ਇਹ ਸਹੀ ਹੈ । ਕੀ ਇਹ ਨਹੀਂ ਹੈ? ਇਹ ਇੱਕ ਦੋਸਤ ਹੈ । ਜੇ ਮੈਂ ਇਹ ਦੱਸਾਂ ਕਿ ਉਸ ਦੋਸਤ ਦਾ ਕੀ ਮਸਲਾ ਹੈ, ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਮੈਂ ਪਰਮੇਸ਼ੁਰ ਦਾ ਸੇਵਕ ਹਾਂ? ਉਹ ਸ਼ਰਾਬੀ ਹੈ । ਇਹ ਸਹੀ ਹੈ । ਜੇ ਇਹ ਸਹੀ ਹੈ ਤਾਂ ਆਪਣਾ ਹੱਥ ਉੱਪਰ ਚੁੱਕੋ ।

187 ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਕਿਸੇ ਨੇ ਇਸ ਜਗ੍ਹਾ ਤੇ ਆਪਣੇ ਹੱਥ ਨੂੰ ਉੱਪਰ ਚੁਕਿਆ, ਪਿੱਛੇ ਇੱਕ ਔਰਤ ਨੇ, ਕਿਸੇ ਨੇ । ਹਾਂ । ਹਾਂ । ਤੁਸੀਂ ਮੈਨੂੰ ਨਹੀਂ ਜਾਣਦੇ? ਮੈਂ ਤੁਹਾਡੇ ਸਾਰਿਆਂ ਦੇ ਲਈ ਅਜਨਬੀ ਹਾਂ? ਮੈਂ ਤਹਾਨੂੰ ਨਹੀਂ

ਜਾਣਦਾ, ਪਰ ਪਰਮੇਸ਼ੁਰ ਤਹਾਨੂੰ ਜਾਣਦਾ ਹੈ। ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? ਜੇ ਪਰਮੇਸ਼ੁਰ ਮੇਰੇ ਤੇ ਇਹ ਪ੍ਰਗਟ ਕਰੇ ਕਿ ਤੁਹਾਡੇ ਦਿਲ ਵਿੱਚ ਕੀ ਹੈ, ਕੀ ਤੁਸੀਂ ਮੇਰੇ ਤੇ ਉਸ ਦਾ ਸੇਵਕ ਹੋਣ ਦਾ ਵਿਸ਼ਵਾਸ ਕਰੋਗੇ? ਛੋਟੀ ਮਹਿਲਾ, ਤੂੰ ਉਸ ਬੱਚੇ ਦੇ ਕਾਰਨ ਪਰੇਸ਼ਾਨ ਹੈਂ। ਇਹ ਸਹੀ ਹੈ। ਅਤੇ ਉਸ ਬੱਚੇ ਦੇ ਮੂੰਹ ਉੱਤੇ ਚਮੜੀ ਰੋਗ ਹੈ। ਡਾਕਟਰ ਇਸ ਦੇ ਲਈ ਕੁਝ ਨਹੀਂ ਕਰ ਸਕਦੇ। ਤੁਸੀਂ ਇਥੇ ਇੱਕ ਅਜਨਬੀ ਹੋ, ਤੂੰ ਅਤੇ ਤੇਰਾ ਪਿਆਰਾ ਬੱਚਾ ਜਿਹੜੇ ਉਥੇ ਬੈਠੇ ਹੋਏ ਹੋ। ਕੀ ਤੂੰ ਵਿਸ਼ਵਾਸ ਕਰਦੀ ਹੈਂ ਕਿ ਪਰਮੇਸ਼ੁਰ ਮੈਨੂੰ ਇਹ ਦੱਸ ਸਕਦਾ ਹੈ ਕਿ ਤੂੰ ਕੌਣ ਹੈ ਅਤੇ ਕਿਥੋਂ ਆਈ ਹੈਂ? ਕੀ ਤੂੰ ਇਹ ਵਿਸ਼ਵਾਸ ਕਰਦੀ ਹੈਂ? ਜੇ ਉਹ ਇਹ ਦੱਸ ਦਵੇ ਤਾਂ ਕਿ ਤੂੰ ਬਾਲਕ ਦੀ ਚੰਗਾਈ ਨੂੰ ਸਵੀਕਾਰ ਕਰੇਂਗੀ? [ਔਰਤ ਆਖਦੀ ਹੈ, "ਹਾਂ"—ਸੰਪਾਦਕ] ਸਭ ਠੀਕ ਹੈ।ਤੂੰ ਸਮਰਸੈਟ, ਕੈਂਟਕੀ ਵਿੱਚ ਵਾਪਸ ਜਾ ਸਕਦੀ ਹੈਂ, ਜਿਥੋਂ ਤੂੰ ਆਈ ਸੀ। ਅਤੇ ਵਿਸ਼ਵਾਸ ਕਰ ਕਿ ਉਹ ਚੰਗਾ ਹੋ ਜਾਵੇਗਾ, ਜੇ ਤੂੰ ਵਿਸ਼ਵਾਸ ਕਰ ਸਕੇਂ ਤਾਂ ਚਮੜੀ ਰੋਗ ਬੱਚੇ ਨੂੰ ਛੱਡ ਕੇ ਚਲਾ ਜਾਵੇਗਾ।

188 ਜੱਦ ਮੈਂ ਉਸ ਸ਼ਬਦ ਦਾ ਜਿਕਰ ਕੀਤਾ, ਸਮਰਸੈਟ, ਕੈਂਟਕੀ ਤੋਂ ਕੋਈ ਇਸ ਹਾਲ ਵਿੱਚ ਪਿੱਛੇ ਖੜਾ ਹੋ ਕੇ ਪ੍ਰਾਰਥਨਾ ਕਰ ਰਿਹਾ ਹੈ, ਉਸ ਦੇ ਦਿਲ ਵਿੱਚ ਪਰੇਸ਼ਾਨੀ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਉਸ ਨੂੰ ਚੰਗਾ ਕਰ ਦਵੇਗਾ? ਜੇ ਤੁਸੀਂ ਆਪਣੇ ਪੂਰੇ ਦਿਲ ਤੋਂ ਇਸ ਦਾ ਵਿਸ਼ਵਾਸ ਕਰ ਸਕੋ, ਅਤੇ ਇਹ ਵਿਸ਼ਵਾਸ ਕਰੋ ਕਿ ਪਰਮੇਸ਼ੁਰਚੰਗਾ ਕਰੇਗਾ ਸਭ ਠੀਕ ਕਰੇਗਾ।

189 ਇਥੇ, ਇਥੇ ਹੈ, ਮੈਂ ਜਾਣਦਾ ਹਾਂ ਕਿਸੇ ਦਾ ਹੱਥ ਉੱਪਰ ਆਇਆ ਹੈ, ਇੱਕ ਮਹਿਲਾ। ਹਾਂ, ਮੈਂ ਤੁਹਾਡੇ ਹੱਥ ਨੂੰ ਵੇਖਿਆ ਹੈ। ਮਹਿਲਾ, ਕੀ ਮੈਂ ਤੇਰੇ ਲਈ ਇੱਕ ਅਜਨਬੀ ਹਾਂ? ਮੈਂ ਤਹਾਨੂੰ ਨਹੀਂ ਜਾਣਦਾ। ਅਸੀਂ ਕਦੇ ਵੀ ਨਹੀਂ ਮਿਲੇ। ਕੀ ਤੂੰ ਮੇਰਾ ਉਸ ਦਾ ਸੇਵਕ ਹੋਣ ਤੇ ਵਿਸ਼ਵਾਸ ਕਰਦੀ ਹੈਂ?[ਔਰਤ ਆਖਦੀ ਹੈ, "ਹਾਂ"।—ਸੰਪਾਦਕ] ਕੀ ਤੂੰ ਕਰਦੀ ਹੈਂ? ਤੇਰੇ ਦਿਲ ਵਿਚ ਕੋਈ ਬੋਝ ਜਾਂ ਕੁਝ ਹੈ। ਤੂੰ ਵਿਸ਼ਵਾਸ ਕਰਦੀ ਹੈਂ ਕਿ ਜੇ ਪਰਮੇਸ਼ੁਰ ਇਸ ਨੂੰ ਮੇਰੇ ਤੇ ਪ੍ਰਗਟ ਕਰੇ, ਕੀ ਤੂੰ ਵਿਸ਼ਵਾਸ ਕਰੇਂਗੀ ਕਿ ਇਹ ਉਹੀ ਆਤਮਾ ਜਿਹੜੀ ਮਸੀਹ ਵਿੱਚ ਸੀ? ਤੁਹਾਡਾ ਪਤੀ ਉਥੇ ਬੈਠਾ ਹੋਇਆ ਹੈ, ਕੀ ਉਹ ਵੀ ਇਸੇ ਚੀਜ ਤੇ ਵਿਸ਼ਵਾਸ ਕਰਦਾ ਹੈ? ਕੀ ਤੁਸੀਂ ਉਸੇ ਚੀਜ ਤੇ ਵਿਸ਼ਵਾਸ ਕਰੋਗੇ? ਇਹ ਤੁਹਾਡੀ ਛੋਟੀ ਬੱਚੀ ਬਾਰੇ ਹੈ ਜੋ ਤੁਹਾਡੇ ਨਾਲ ਬੈਠੀ ਹੋਈ ਹੈ। ਇਹ ਸਹੀ ਹੈ, ਉਸ ਨੂੰ ਕੈਂਸਰ ਹੈ। ਪਰ ਕੀ ਤੁਸੀਂ ਵਿਸ਼ਵਾਸ ਕਰਦੇ ਹੋਕਿ ਪਰਮੇਸ਼ੁਰ ਉਸ ਨੂੰ ਚੰਗਾ ਕਰੇਗਾ? ਜੇ ਤੁਸੀਂ ਕਰਦੇ ਹੋ ਤਾਂ ਆਪਣੇ ਹੱਥ ਉਪਰ ਚੁੱਕੋ। ਸਭ ਠੀਕ ਹੈ, ਆਪਣੇ ਹੱਥਾਂ ਨੂੰ ਬੱਚੀ ਉੱਪਰ ਰਖੋ।

190 ਪ੍ਰਭੂ ਯਿਸੂ, ਤੇਰੀ ਆਤਮਾ ਦੀ ਹਜ਼ੂਰੀ ਵਿੱਚ, ਮੈਂ ਉਸ ਦੁਸ਼ਟ ਨੂੰ ਡਾਂਟਦਾ ਹਾਂ ਜਿਹੜਾ ਉਸ ਬੱਚੀ ਨੂੰ ਮਾਰ ਰਿਹਾ ਹੈ। ਮੈਂ ਵਿਸ਼ਵਾਸ ਦੁਆਰਾ, ਪ੍ਰਭੂ ਯਿਸੂ ਦੇ ਲਹੂ ਨੂੰ ਉਸ ਕਾਤਲ ਅਤੇ ਬੱਚੀ ਵਿਚਕਾਰ ਰਖਦਾ ਹਾਂ। ਉਸ ਨੂੰ ਜੀਵਨ ਦੇ। ਆਮੀਨ।

191 ਪਰਮੇਸ਼ੁਰ ਤੇ ਵਿਸ਼ਵਾਸ ਰਖੋ। ਸ਼ੱਕ ਨਾ ਕਰੋ। "ਜੇ ਤੁਸੀਂ ਵਿਸ਼ਵਾਸ ਕਰ ਸਕਦੇ ਹੋ, ਤਾਂ ਸਭ ਚੀਜਾਂ ਸੰਭਵ ਹਨ"। ਜੇ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਤਾਂ ਸਭ ਚੀਜਾਂ ਸੰਭਵ ਹਨ। ਸਹੀ ਤਰੀਕੇ ਨਾਲ।

192 ਪਿਛਾਂਹ ਕਿਸੇ ਨੇ ਆਪਣਾ ਹੱਥ ਖੜਾ ਕੀਤਾ ਹੈ, ਕਿਸੇ ਜਗਾ ਤੇ, ਤੁਸੀਂ, ਅਖੀਰ ਤੇ ਇੱਕ ਔਰਤ। ਕੀ ਤੂੰ ਮੇਰਾ ਉਸ ਦਾ ਸੇਵਕ ਹੋਣ ਤੇ ਵਿਸ਼ਵਾਸ ਕਰਦੀ ਹੈਂ? ਮੈਂ ਤਹਾਨੂੰ ਨਹੀਂ ਜਾਣਦਾ, ਤੁਸੀਂ ਮੈਨੂੰ ਨਹੀਂ ਜਾਣਦੇ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਮੇਰੇ ਤੇ ਪ੍ਰਗਟ ਕਰਦ ਸਕਦਾ ਹੈ ਕਿ ਤੁਹਾਡੀ ਕੀ ਪਰੇਸ਼ਾਨੀ ਹੈ? ਕੀ ਤੁਸੀਂ ਯਿਸੂ ਨੂੰ ਆਪਣਾ ਚੰਗਾਈ ਦੇਣ ਵਾਲਾ ਜਾਂ ਮੁਹਇਆ ਕਰਨ ਵਾਲਾ ਸਵੀਕਾਰ ਕਰੋਗੇ, ਜੋ ਵੀ ਇਹ ਹੈ-ਇਹ ਜੋ ਕੁਝ ਵੀ ਹੈ...? ਤਾਂ ਫਿਰ ਕੀ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ? ਸਭ ਠੀਕ ਹੈ, ਤਾਂ ਫਿਰ ਜੋ ਤਹਾਨੂੰ ਘਬਰਾਹਟ ਦਾ ਦੌਰਾ ਪਿਆ ਸੀ, ਇਹੀ ਤੁਹਾਡੀ ਪਰੇਸ਼ਾਨੀ ਹੈ। ਜੇ ਇਹ ਸਹੀ ਹੈ ਤਾਂ ਆਪਣੇ ਪੈਰਾਂ ਤੇ ਖੜੇ ਹੋ ਜਾਓ, ਜੇ ਇਹ ਸਹੀ ਹੈ ਤਾਂ, ਤਾਂ ਜੋ ਲੋਕ ਇਹ ਵੇਖ ਲੈਣ ਕਿ ਇਹ ਸੱਚਾਈ ਹੈ। ਸਭ ਠੀਕ ਹੈ, ਇਹ ਹੁਣ ਤਹਾਨੂੰ ਛੱਡ ਦੇਵੇਗਾ। ਤੁਸੀਂ ਘਰ ਜਾਓ ਅਤੇ ਚੰਗੇ ਰਹੋ। ਪਰਮੇਸ਼ੁਰ ਤਹਾਨੂੰ ਬਰਕਤ ਦਵੇ।

ਤੁਸੀਂ ਵੀ ਕੈਂਟਕੀ ਤੋਂ ਹੋ। ਔਹ-ਹੋ, ਇਹ ਸਹੀ ਹੈ।

193 ਜਿਹੜੀ ਔਰਤ ਤੁਹਾਡੇ ਨਾਲ ਬੈਠੀ ਹੈ ਉਹ ਵੀ ਕੈਂਟਕੀ ਤੋਂ ਹੈ। ਉਹ ਵੀ ਹੈ। ਮੈਂ ਤਹਾਨੂੰ ਨਹੀਂ ਜਾਣਦਾ, ਕੀ ਮੈਂ ਜਾਣਦਾ ਹਾਂ? ਪਰ ਮੈਂ ਤਹਾਨੂੰ ਦੱਸ ਸਕਦਾ ਹਾਂ ਕਿ ਤੁਹਾਡੇ ਵਿੱਚ ਕੁਝ ਪਰੇਸ਼ਾਨੀ ਹੈ। ਜੇ ਮੈਂ ਤਹਾਨੂੰ ਦੱਸ ਸਕਾਂ ਕਿ ਤੁਹਾਡੀ ਕੀ ਪਰੇਸ਼ਾਨੀ ਹੈ, ਤਾਂ ਕੀ ਤੁਸੀਂ ਮਸੀਹ ਨੂੰ ਆਪਣਾ ਚੰਗਾਈ ਦੇਣ ਵਾਲਾ ਸਵੀਕਾਰ ਕਰੋਗੇ? ਇਹ ਤੁਹਾਡੀ ਕਮਰ ਵਿੱਚ ਹੈ। ਜੇ ਇਹ ਸਹੀ ਹੈ ਤਾਂ ਆਪਣਾ ਹੱਥ ਖੜਾ ਕਰੋ, ਐਨਾ ਉੱਚਾ ਕਿ ਲੋਕ ਇਸ ਨੂੰ ਵੇਖ ਸਕਣ। ਸਭ ਠੀਕ ਹੈ, ਹੁਣ ਆਪਣੇ ਘਰ ਜਾਓ, ਇਹ ਤਹਾਨੂੰ ਛੱਡ ਕੇ ਚਲੀ ਜਾਵੇਗੀ। ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ।

ਮੈਂ ਤਹਾਨੂੰ ਵਿਸ਼ਵਾਸ ਕਰਣ ਲਈ ਚੁਣੌਤੀ ਦਿੰਦਾ ਹਾਂ।ਮੈਂ ਤੁਹਾਡੇ ਵਿਸ਼ਵਾਸ ਨੂੰ ਨਿਹਚਾ ਕਰਣ ਲਈ ਚੁਣੌਤੀ ਦਿੰਦਾ ਹਾਂ।

194 ਇਥੇ ਇੱਕ ਔਰਤ ਬੈਠੀ ਹੋਈ ਹੈ, ਪ੍ਰਾਰਥਨਾ ਕਰ ਰਹੀ ਹੈ, ਉਸ ਨੇ ਆਪਣੇ ਰੁਮਾਲ ਨੂੰ ਆਪਣੇ ਮੂੰਹ ਤੇ ਰੱਖਿਆ ਹੋਇਆ ਹੈ । ਮੈਂ ਤਹਾਨੂੰ ਨਹੀਂ ਜਾਣਦਾ । ਪਰਮੇਸ਼ੁਰ ਤਹਾਨੂੰ ਜਾਣਦਾ ਹੈ ।ਜੋਲੀਅਟ, ਇਲੀਨੋਇਸ ਤੋਂ ਹੋ, ਅਤੇ ਤਹਾਨੂੰ ਇੱਕ ਰਸੌਲੀ ਹੈ । ਇਹ ਬਿਲਕੁਲ ਸਹੀ ਹੈ । ਤੁਸੀਂ ਸ਼ਾਇਦ ਹੈਰਾਨ ਹੋਵੋਗੇ... (ਹਾਂ, ਇਹ-ਇਹ ਉਹੀ ਔਰਤ ਹੈ ਜਿਸ ਨੂੰ ਰੋਜ਼ੇਲਾ ਲੈ ਕੇ ਆਈ ਸੀ। ਇਹ ਸਹੀ ਹੈ । ਰੁਕੋ, ਉਸ ਨੇ ਮੈਨੂੰ ਇਸ ਬਾਰੇ ਦੱਸਿਆ ਸੀ, ਪਰ ਉਹ ਕਦੇ ਵੀ ਨਹੀਂ ਜਾਣਦੀ ਸੀ, ਮੈਂ ਇਸ ਔਰਤ ਨੂੰ ਕਦੇ ਵੀ ਨਹੀਂ ਜਾਣਦਾ ਸੀ । ਇਹ ਸਹੀ ਹੈ । ਬੱਸ ਇਤਫਾਕ ਨਾਲ ਇਸ ਔਰਤ ਦਾ ਵਿਸ਼ਵਾਸ ਬਹੁਤ ਵੱਡਾ ਸੀ ।) ਮੈਂ ਤਹਾਨੂੰ ਇੱਕ ਗਲ ਦੱਸਦਾ ਹਾਂ—ਜਿਸ ਬਾਰੇ ਤੁਸੀਂ ਜਾਣਦੇ ਹੋ ਕਿ ਮੈਂ ਨਹੀਂ ਜਾਣਦਾ । ਤੁਸੀਂ ਇਸ ਬੱਚੇ ਲਈ ਪ੍ਰਾਰਥਨਾ ਕਰ ਰਹੇ ਹੋ ਜਿਹੜਾ ਅਖੀਰਲੀ ਸੀਟ ਤੇ ਬੈਠਾ ਹੈ, ਉਹ ਬੀਮਾਰ ਹੈ । ਇਹ ਤੁਹਾਡਾ ਬੱਚਾ ਹੈ । ਇਹ ਸਹੀ ਹੈ । ਆਮੀਨ । ਤੁਸੀਂ ਜਾਣਦੇ ਹੋ ਕਿ ਮੈਂ ਇਹ ਨਹੀਂ ਜਾਣਦਾ ਸੀ ।

195 ਇਹ ਇਥੇ ਹੈ, ਇਹ ਪਵਿੱਤਰ ਆਤਮਾ ਹੈ! ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਇਸ ਨੂੰ ਸਵੀਕਾਰ ਕਰਦੇ ਹੋ? ਜੇ ਇਹ ਸਹੀ ਹੈ ਤਾਂ ਮੈਂ ਜੋ "ਭੀੜਾ ਹੈ ਉਹ ਫਾਟਕ, ਅਤ ਤੰਗ ਹੈ ਉਹ ਰਾਹ" ਬਾਰੇ ਕਿਹਾ, ਉਹ ਸਹੀ ਹੈ । ਜਿਉਂਦੇ ਪਰਮੇਸ਼ੁਰ ਦੀ ਆਤਮਾ ਠੀਕ ਇਸ ਜਗਾ ਤੇ ਹੈ । ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਤਾਂ ਫਿਰ, ਤਹਾਨੂੰ ਇਸ ਤੋਂ ਜਾਣੂ ਕਰਵਾਉਣ ਲਈ ਕਿ ਮੈਂ ਕੋਈ ਚੰਗਾ ਕਰਨ ਵਾਲਾ ਨਹੀਂ ਹਾਂ, ਮੈਂ ਚੰਗਾ ਕਰਨ ਵਾਲਾ ਨਹੀਂ ਹਾਂ, ਪਰ ਇਹ ਤਾਂ ਕੇਵਲ ਪਰਮੇਸ਼ੁਰ ਦੀ ਆਤਮਾ ਨੇ ਆਪਣੇ ਆਪ ਨੂੰ ਪ੍ਰਗਟ ਕਰਣ ਲਈ ਮੈਨੂੰ ਚੁਣਿਆ ਹੈ । ਮੇਰੇ ਕੋਲ ਜਿਆਦਾ ਪੜ੍ਹਾਈ ਲਿਖਾਈ ਨਹੀਂ ਹੈ । ਮੈਨੂੰ ਕਿਸੇ ਚੀਜ ਬਾਰੇ ਕੋਈ ਗਿਆਨ ਨਹੀਂ ਹੈ । ਪਰ ਇਹ ਉਸਦੀ ਆਤਮਾ ਹੈ ਜੋ ਇਹ ਸਭ ਕਰਦੀ ਹੈ, ਤੁਸੀਂ ਵੇਖਿਆ, ਅਤੇ ਉਹ ਚਾਹੁੰਦਾ ਹੈ ਕਿ ਤੁਸੀਂ ਜਾਣੋ ਕਿ ਮੈਂ ਤਹਾਨੂੰ ਸਚਾਈ ਬਿਆਨ ਕੀਤੀ ਹੈ ।

196 ਇਹ ਸੱਚਾਈ ਹੈ, ਕਿ ਯਿਸੂ ਮਸੀਹ ਤਹਾਨੂੰ ਹੁਣੇ ਹੀ ਚੰਗਾ ਕਰ ਦਵੇਗਾ ਜੇ ਤੁਸੀਂ ਇਸ ਤੇ ਵਿਸ਼ਵਾਸ ਕਰੋਗੇ । ਹੁਣ ਜਿਵੇਂ...ਇਸ ਨੇ ਕਿੰਗਸਟਨ ਵਿੱਚ ਕੰਮ ਕੀਤਾ, ਜਿਸ ਨੂੰ ਮਿਸ਼ਨਰੀਆਂ ਨੇ ਜਾਂ ਉਥੇ ਜੋ ਵੀ ਹਨ, ਇਸ ਨੂੰ ਕਿੰਗਸਟਨ ਵਿੱਚ ਕੰਮ ਕਰਦੇ ਹੋਏ ਵੇਖਿਆ, ਹਜਾਰਾਂ ਨੂੰ ਚੰਗਾ ਹੁੰਦੇ ਹੋਇਆਂ ਵੇਖਿਆ, ਤਾਂ ਇਹ ਇਥੇ ਅਮਰੀਕਾ ਵਿਚ ਕਿਓਂ ਕੰਮ ਨਹੀਂ ਕਰੇਗਾ ਜਿਥੇ ਸਾਡੇ ਕੋਲ ਹੁਣ ਉਹੀ ਚੀਜ ਹੈ? ਅਸੀਂ ਕਿਉਂ ਇਸ ਤੇ ਵਿਸ਼ਵਾਸ ਨਹੀਂ ਕਰ ਸਕਦੇ? ਕਿਉਂਕਿ ਤੁਸੀਂ ਉਸ ਛੋਟੇ ਜਿਹੇ ਨਾਲੇ ਨੂੰ ਪਾਰ ਨਹੀਂ ਕਰ ਸਕਦੇ । ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? ਆਪਣੇ ਹੱਥਾਂ ਨੂੰ ਉੱਪਰ ਚੁੱਕੋ ।

197 ਹੁਣ, ਉਹੀ ਹੱਥਾਂ ਨੂੰ, ਉਸ ਕਿਸੇ ਤੇ ਰਖੋ ਜੋ ਤੁਹਾਡੇ ਲਾਗੇ ਹੈ, ਮੈਨੂੰਇਸੇ ਥਾਂ ਤੋਂ ਉਸ ਲਈ ਪ੍ਰਾਰਥਨਾ ਕਰਨ ਦਿਓ, ਅਤੇ ਤੁਸੀਂ ਆਪਣੇ ਦਿਲ ਵਿਚ ਕੋਈ ਸ਼ੱਕ ਨਾ ਰਖਣਾ, ਇਹ ਇਸ ਨੂੰ ਖਤਮ ਕਰ ਦੇਵੇਗਾ।

198 ਔਹ, ਮੇਰਾ, ਭਰਾ ਨੇਵਿਲ! ਮੈਂ ਕਿਵੇਂ ਆਸ ਕੀਤੀ ਹੈ, ਮੈਂ ਕਿਵੇਂ ਪ੍ਰਾਰਥਨਾ ਕੀਤੀ ਹੈ, ਮੈਂ ਕਿਵੇਂ…ਤੁਸੀਂ ਇਹ ਸੋਚ ਸਕਦੇ ਹੋ ਕਿ ਮੈਂ ਆਪ ਹਾਂ; ਮੈਂ ਨਹੀਂ ਹਾਂ। ਮੈਂ ਜਾਣਦਾ ਹਾਂ ਕਿ ਮੈਂ ਕਿਥੇ ਹਾਂ। ਜੇ ਮੈਂ ਬੱਸ ਇਹ ਛੋਟੀ ਜਿਹੀ ਚੀਜ ਨੂੰ ਤੁਹਾਡੇ ਉੱਤੇ ਪਾ ਸਕਦਾ! ਕੀ ਤਹਾਨੂੰ ਅਹਿਸਾਸ ਹੈ ਕਿ ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤ੍ਰ, ਅੱਜ ਸਵੇਰੇ ਇਥੇ ਇਹਨਾਂ ਲੋਕਾਂ ਵਿਚਕਾਰ, ਇਸ ਵੇਲੇ, ਹੁਣ ਇਸ ਵੇਲੇ ਇਥੇ ਮੌਜੂਦ ਹੈ, ਆਪਣੇ ਆਪ ਨੂੰ ਵਿਖਾ ਰਿਹਾ ਹੈ?

ਅੱਛਾ, ਤੁਸੀਂ ਕਹੋਗੇ, "ਭਾਈ ਬ੍ਰਾਨਹਾਮ, ਇਹ *ਤੁਸੀਂ* ਕਿਹਾ ਹੈ"।

199 ਮੈਂ ਇਸ ਨੂੰ ਕਿਵੇਂ ਕਿਹਾ? ਮੈਂ ਤਹਾਨੂੰ ਨਹੀਂ ਜਾਣਦਾ। ਉਥੇ ਇੱਕ ਹੋਰ ਔਰਤ ਹੈ ਜਿਸ ਨੂੰ ਟੀ.ਬੀ. ਹੈ। ਤੁਸੀਂ ਚੰਗੇ ਕੀਤੇ ਗਏ ਹੋ, ਭੈਣ। ਤਹਾਨੂੰ ਬਰਕਤ ਮਿਲੇ। ਮੈਂ ਤੁਹਾਡੇ ਤੋਂ ਮਾਫ਼ੀ ਚਾਹੁੰਦਾ ਹਾਂ, ਤੁਸੀਂ ਇੱਕ ਔਰਤ ਲਈ ਪ੍ਰਾਰਥਨਾ ਕਰ ਰਹੇ ਸੀ ਜਿਸ ਨੂੰ ਟੀ.ਬੀ. ਸੀ, 'ਕਿਉਂਕਿ ਇਹ ਇੱਕ ਧੌਲੇ-ਸਿਰ ਵਾਲੀ ਔਰਤ ਹੈ। ਹਾਂ। ਸਭ ਠੀਕ ਹੈ, ਇਸ ਤੇ ਵਿਸ਼ਵਾਸ ਕਰੋ। ਸਭ ਠੀਕ ਹੈ। ਉਹ ਇਥੇ ਹੈ। ਇਹ ਉਸਦੀ ਹਜੂਰੀ ਹੈ।

200 ਹੁਣ, ਇਹ ਉਹ ਹੈ ਜੋ ਉਸ ਨੇ ਕਿਹਾ ਸੀ, "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਜੇ ਉਹ ਬੀਮਾਰਾਂ ਤੇ ਹੱਥ ਰਖਣਗੇ ਤਾਂ ਉਹ ਚੰਗੇ ਹੋ ਜਾਣਗੇ"। ਉਹ ਕਿਵੇਂ ਝੂਠ ਬੋਲ ਸਕਦਾ ਹੈ? ਵੇਖੋ, ਇਹ ਹੁਣ ਉਸ ਉੱਤੇ ਨਹੀਂ ਹੈ, ਇਹ ਮੇਰੇ ਉੱਤੇ ਨਹੀਂ ਹੈ, ਹੁਣ ਇਹ ਤੁਹਾਡੇ ਉੱਤੇ ਹੈ। ਹੁਣ ਤੁਸੀਂ ਵਿਸ਼ਵਾਸ ਕਰੋ।

201 ਮੈਂ ਹੁਣ ਉਸ ਛੋਟੀ ਔਰਤ ਵਲ ਵੇਖ ਰਿਹਾ ਹਾਂ ਜਿਹੜੀ ਪਿਛਾਂਹ ਬੈਠੀ ਹੋਈ ਹੈ, ਉਸ ਕੋਲ ਬਹੁਤ ਸਾਰਾ ਵਿਸ਼ਵਾਸ ਹੈ। ਉਹ ਅਤੇ ਉਹਦਾ ਪਤੀ ਨਵੇਂ ਨਵੇਂ ਪ੍ਰਭੂ ਕੋਲ ਆਏ ਹਨ। ਉਹ ਇਸ ਸਭਾ ਵਿੱਚ ਬੈਠੀ ਹੋਈ ਹੈ, ਉਸ ਦੇ ਹਰਨੀਆਂ ਸੀ ਜਿਸ ਦਾ ਡਾਕਟਰ ਪਹਿਲਾਂ ਓਪਰੇਸ਼ਨ ਕਰਨ ਵਾਲੇ ਸਨ, ਅਤੇ ਉਸ ਦਾ ਬੱਚਾ ਪੈਦਾ ਹੋਣ ਵਾਲਾ ਸੀ। ਅਤੇ ਡਾਕਟਰ ਬਾਅਦ ਵਿੱਚ ਓਪਰੇਸ਼ਨ ਕਰਨ ਵਾਲੇ ਸਨ, ਪਰ ਜੱਦ ਬਾਲਕ ਪੈਦਾ ਹੋਇਆ ਤਾਂ ਉਹ ਹਰਨੀਏ ਨੂੰ ਨਹੀਂ ਲਭ ਸਕੇ। ਇਹ ਸਾਰਾ ਚਲਾ ਗਿਆ ਹੈ। ਵੇਖਿਆ? ਕਿਉਂ? ਉਹ ਬੈਠੀ ਰਹੀ ਜਿਵੇਂ…ਉਹ ਕਦੇ ਵੀ ਇਸ ਤਰਾਂ ਮੰਚ ਉੱਤੇ ਨਹੀਂ ਆਈ। ਉਹ ਬੱਸ ਉਥੇ ਬੈਠੀ ਰਹੀ ਅਤੇ ਇਸ ਤੇ ਵਿਸ਼ਵਾਸ ਕੀਤਾ। ਕੀ ਇਹ ਸਹੀ ਹੈ, ਸ਼੍ਰੀਮਤੀ ਗ੍ਰੀਨ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸਹੀ ਹੈ, ਉਥੇ ਪਿਛਾਂਹ? ਇਹ ਸਹੀ ਹੈ। ਉਸ

ਦੇ ਹੱਥ ਨੂੰ ਵੇਖੋ । ਡਾਕਟਰ ਹਰਨੀਏ ਨੂੰ ਲਭ ਵੀ ਨਾ ਸਕੇ, ਇਹ ਸਾਰਾ ਚਲਾ ਗਿਆ ਹੈ । ਕਿਉਂ? ਉਸ ਨੇ ਇਹ ਵਿਸ਼ਵਾਸ ਕੀਤਾ, ਉਸ ਨੇ ਬਾਹਰ ਕਦਮ ਲਿਆ ਅਤੇ ਕਿਹਾ, "ਇਹ ਸਹੀ ਹੈ!"

202 ਹੁਣ ਤੁਸੀਂ ਵੀ ਇੰਝ ਹੀ ਕਰੋ, ਅਤੇ ਹਰੇਕ ਬਿਮਾਰੀ ਜੋ ਤੁਹਾਡੇ ਕੋਲ ਹੈ, ਉਸ ਨੂੰ ਤਹਾਨੂੰ ਛੱਡ ਕੇ ਜਾਣਾ ਪਵੇਗਾ । ਪਰਮੇਸ਼ੁਰ, ਕੌਣ ਕਰ ਸਕਦਾ ਹੈ-ਕੌਣ ਇੱਕ ਮਨੁੱਖੀ ਸ਼ਰੀਰ ਅੰਦਰ ਕਿਸੇ ਚੀਜ ਨੂੰ ਭੇਜ ਸਕਦਾ ਹੈ, ਉਸ ਸੱਪ ਦੇ ਡੰਗ ਦੇ ਜਹਿਰ ਲਈ ਜੋ ਉਸ ਆਦਮੀ ਦੇ ਪੈਰ ਵਿੱਚ ਸੀ, ਉਸ ਨੂੰ ਜਹਿਰ ਨਾਲ ਮਾਰ ਰਿਹਾ ਸੀ, ਕਿੰਨਾ ਜਿਆਦਾ ਉਹ ਤੁਹਾਡੇ ਸ਼ਰੀਰ ਦੀਆਂ ਬਿਮਾਰੀਆਂ ਨੂੰ ਮਾਰ ਸਕਦਾ ਹੈ । ਕਿਉਂਕਿ, ਉਹ ਆਦਮੀ ਸੰਕਟ ਵਿੱਚ ਸੀਅਤੇ ਉਸ ਨੂੰ ਸਹਾਇਤਾ ਦੀ ਲੋੜ ਸੀ । ਤਹਾਨੂੰ ਵੀ ਲੋੜ ਹੈ । ਜੇ ਤਹਾਨੂੰ ਸਹਾਇਤਾ ਨਹੀਂ ਮਿਲਦੀ, ਤੁਸੀਂ ਮਰੋਗੇ ।

203 ਹੁਣ ਆਪਣੇ ਹੱਥਾਂ ਨੂੰ ਇੱਕ ਦੂਜੇ ਉੱਤੇ ਰਖੋ । ਆਪਣੇ ਲਈ ਪ੍ਰਾਰਥਨਾ ਨਾ ਕਰੋ, ਤੁਸੀਂ ਉਸ ਸ਼ਖਸ ਲਈ ਪ੍ਰਾਰਥਨਾ ਕਰੋ ਜਿਹੜਾ ਤੁਹਾਡੇ ਨਾਲ ਹੈ । ਇਹ ਮਸੀਹੀਆਂ ਵਾਂਗ ਹੈ ।

204 ਇਸ ਨੂੰ ਸਿਖੋ, ਇਸ ਨੂੰ ਸਿਖ ਲਵੋ, ਕਿ, ਜਿਵੇਂ ਤੁਸੀਂ ਹੋਰਾਂ ਨਾਲ ਕਰਦੇ ਹੋ, ਤਿਵੇਂ ਹੀ ਤੁਸੀਂ ਮਸੀਹ ਨਾਲ ਕਰਦੇ ਹੋ । ਜੱਦ ਤੁਸੀਂ ਕਿਸੇ ਨਾਲ ਚੰਗਾ ਕਰਦੇ ਹੋ, ਤਾਂ ਤੁਸੀਂ ਮਸੀਹ ਲਈ ਚੰਗਾ ਕਰ ਰਹੇ ਹੁੰਦੇ ਹੋ । ਜੇ ਤੁਸੀਂ ਕਿਸੇ ਹੋਰ ਨਾਲ ਮਾੜਾ ਸਲੂਕ ਕਰਦੇ ਹੋ, ਤਾਂ ਤੁਸੀਂ ਮਸੀਹ ਨਾਲ ਮਾੜਾ ਸਲੂਕ ਕਰਦੇ ਹੋ । ਔਹ, ਮੇਰੇ!

205 ਔਹ, ਜੇ ਮੈਂ ਇਸ ਨੂੰ ਅਗੇ ਜਾਣ ਦੀਆਂ, ਜੇ ਮੈਂ ਬੱਸ ਐਨਾ ਕਰ ਸਕਾਂ ਕਿ ਲੋਕ ਇਸ ਨੂੰ ਵੇਖ ਸਕਣ, ਜੋ ਮੈਂ ਵੇਖ ਰਿਹਾ ਹਾਂ ਅਤੇ ਜੋ ਮੈਂ ਮਹਿਸੂਸ ਕਰ ਰਿਹਾ ਹਾਂ ਅਤੇ ਉਹ ਜੋ ਮੈਂ ਜਾਣਦਾ ਹਾਂ ਜੋ ਹੋ ਰਿਹਾ ਹੈ, ਸਮਝੇ । ਕਿਵੇਂ ਅੱਜ ਸਵੇਰ ਦੇ ਸੰਦੇਸ਼ ਤੋਂ ਬਾਅਦ ਮਸੀਹ ਜੋਰ ਲਾ ਰਿਹਾ ਹੈ, ਠੀਕ ਲੋਕਾਂ ਦੇ ਦਿਲ ਦੀ ਗਹਿਰਾਈ ਵਿੱਚ ਜਾਣ ਲਈ ਅਤੇ ਉਸ ਜਗਾ ਕਿਸੇ ਚੀਜ ਦੀ ਸ੍ਰਿਸ਼ਟੀ ਕਰਣ ਲਈ; ਕੋਈ ਉਤੇਜਨਾ ਨਹੀਂ, ਕੋਈ ਭਾਵਨਾ ਨਹੀਂ (ਇਹ ਇਸਦੇ ਨਾਲ ਆਉਂਦੀ ਹੈ) ਪਰ ਉਸ ਜਗਾ ਤੇ ਇੱਕ ਅਮਰ ਵਿਸ਼ਵਾਸ ਦੀ ਸ੍ਰਿਸ਼ਟੀ ਕਰਨ ਲਈ ਜੋ ਇਹ ਨਹੀਂ ਕਹੇਗਾ, ਕਿ ਦੁਸ਼ਮਨ ਨੂੰ ਇੱਕ ਇੰਚ ਦੇ ਦਿਓ ।

206 ਹੁਣ, ਉਹ ਮੇਰੀ ਪ੍ਰਾਰਥਨਾ ਨੂੰ ਸੁਣੇਗਾ, ਉਹ ਤੁਹਾਡੀਆਂ ਵੀ ਸੁਣਦਾ ਹੈ । ਹੁਣ ਤੁਸੀਂ ਇੱਕ ਦੂਸਰੇ ਲਈ ਪ੍ਰਾਰਥਨਾ ਕਰੋ, ਜਦਕਿ ਮੈਂ ਤੁਹਾਡੇ ਸਭਨਾਂ ਲਈ ਪ੍ਰਾਰਥਨਾ ਕਰਦਾ ਹਾਂ ।

207 ਹੇ ਪ੍ਰਭੂ, ਇਹ ਮਹਾਨ ਅਹਿਮ ਪਲ, ਸਾਨੂੰ ਇਹ ਅਹਿਸਾਸ ਹੈ ਕਿ ਇਹ ਬਹੁਤ ਸਾਰਿਆਂ ਦੇ ਲਈ, ਮੌਤ ਅਤੇ ਜੀਵਨ ਵਿੱਚ ਫਰਕ ਕਰਨ ਵਾਲਾ ਹੈ। ਅਤੇ ਮੈਂ ਤੇਰੀ ਹਜੂਰੀ ਵਿੱਚ ਕੰਬਦਾ ਹਾਂ, ਕਿਉਂਕਿ ਮੈਂ ਜਾਣਦਾ ਹਾਂ, ਪ੍ਰਭੂ ਪਰਮੇਸ਼ੁਰ, ਕਿ ਮੈਨੂੰ ਆਪਣੇ ਪੂਰੇ ਦਿਲ ਤੋਂ ਪ੍ਰਾਰਥਨਾ ਕਰਨੀ ਚਾਹੀਦੀ ਹੈ। ਮੈਨੂੰ ਇਹ ਅਹਿਸਾਸ ਹੈ ਕਿ ਸਾਡੇ ਵਿਚਕਾਰ ਤੇ ਅਗਲੇ ਪੰਜ ਮਿਨਟਾਂ ਬਾਅਦ ਸ਼ਾਇਦ ਇੱਕ ਵੀ ਸ਼ਖਸ ਬੀਮਾਰ ਨਹੀਂ ਰਹੇਗਾ, ਹਰੇਕ ਵਿਅਕਤੀ ਇਹ ਜਾਣ ਲਵੇਗਾ ਕਿ ਤੂੰ ਇਥੇ ਹੈਂ। ਇਸ ਸਵੇਰ ਉਹ ਇਥੇ ਖੜੇ ਹਨ, ਪ੍ਰਭੂ। ਉਹਨਾਂ ਲੋਕਾਂ ਨੂੰ ਆਪਣੇ ਹੱਥ ਉੱਪਰ ਚੁੱਕਣ ਦੇ ਜਿਹੜੇ ਜਾਣਦੇ ਹਨ ਕਿ ਨਾ ਤਾਂ ਮੈਂ ਉਹਨਾਂ ਨੂੰ ਅਤੇ ਨਾ ਹੀ ਉਹਨਾਂ ਬਾਰੇ ਕੁਝ ਜਾਣਦਾ ਹਾਂ। ਪਰ ਤੇਰੀ ਆਤਮਾ ਉਹਨਾਂ ਨੂੰ ਜਾਣਦੀ ਹੈ। ਤੂੰ ਉਹਨਾਂ ਦੇ ਦਿਲਾਂਦੀਆਂ ਗੁਪਤ ਗਲਾਂ ਨੂੰ ਜਾਣਦਾ ਹੈਂ, ਤਾਂ ਕਿੰਨਾ ਵਧਕੇ ਤੂੰ ਉਹਨਾਂ ਦੀਆਂ ਬੀਮਾਰੀਆਂ ਅਤੇ ਦੁੱਖਾਂ ਨੂੰ ਜਾਣਦਾ ਹੈਂ! ਤਾਂ, ਪ੍ਰਭੂ, ਇਸ ਨੂੰ ਅੱਜ ਹੋਣ ਦੇ, ਹੋਣ ਦੇ ਕਿ ਤੇਰੀ ਆਤਮਾ ਉਹਨਾਂ ਦੇ ਬੀਮਾਰ ਸ਼ਰੀਰਾਂ ਨੂੰ ਛੂਹੇ। ਇਹ ਬਖ਼ਸ਼ ਦੇ, ਪ੍ਰਭੂ। ਉਹ ਇੱਕ ਦੂਸਰੇ ਲਈ ਪ੍ਰਾਰਥਨਾ ਕਰ ਰਹੇ ਹਨ।

208 ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪਿਆਰੇ ਪਰਮੇਸ਼ੁਰ, ਕਿ ਪਵਿੱਤਰ ਆਤਮਾ ਇਸ ਨੂੰ ਉਹਨਾਂ ਦੇ ਲਈ ਐਨਾ ਵਾਸਤਵਿਕ ਬਣਾ ਦਵੇ ਕਿ ਉਹ ਦੁਬਾਰਾ ਕਦੇ ਵੀ ਇਸ ਤੇ ਅਵਿਸ਼ਵਾਸ ਨਾ ਕਰਨ। ਅਤੇ ਇਥੇ ਇੱਕ ਹੋਰ ਬਿਮਾਰੀ ਹੈ, ਪ੍ਰਭੂ, ਜਿਹੜੀ ਸਰੀਰਕ ਬਿਮਾਰੀ ਨਾਲੋਂ ਕਿਤੇ ਜਿਆਦਾ ਵੱਡੀ ਹੈ, ਇਹ ਆਤਮਿਕ ਬਿਮਾਰੀ ਹੈ। ਕਾਸ਼ ਹਰੇਕ ਦਿਲ ਖੋਲ ਦਿਤਾ ਜਾਵੇ।

209 ਪ੍ਰਭੂ, ਇਹ ਕਿਵੇਂ ਹੋ ਸਕਦਾ ਹੈ ਕਿ ਤੂੰ ਉਸ ਜਗਾ ਤੇ ਅਬਰਾਹਾਮ ਦੇ ਕੋਲ ਖੜਾ ਸੀ ਅਤੇ ਉਹੀ ਕੰਮ ਨੂੰ ਕੀਤਾ, ਸਾਰਾਹ ਨੂੰ ਦੱਸਿਆ ਜੋ ਤੇਰੇ "ਪਿੱਛੇ" ਖੜੀ ਸੀ, ਵਚਨ ਕਹਿੰਦਾ ਹੈ, "ਉਹ ਤੰਬੂ ਦੇ ਵਿੱਚ ਹੱਸੀ," ਅਤੇ ਤੂੰ ਉਸ ਨੂੰ ਇਹ ਦੱਸ ਦਿਤਾ। ਅਤੇ ਅਬਰਾਹਾਮ ਨੇ ਪਛਾਣ ਲਿਆ ਕਿ ਉਹ ਇਲੋਹੀਮ ਸੀ, ਇੱਕ ਮਹਾਨ ਪਰਮੇਸ਼ੁਰ। ਕੁਝ ਹੀ ਮਿਨਟਾਂ ਅੰਦਰ ਤੂੰ ਉਸ ਦੀ ਨਜਰਾਂ ਤੋਂ ਗਾਇਬ ਹੋ ਗਿਆ।

210 ਅਤੇ, ਪ੍ਰਭੂ, ਜੱਦ ਯਿਸੂ ਖੜਾ ਹੋਇਆ ਅਤੇ ਉਹੀ ਕੰਮ ਕੀਤਾ, ਅਤੇ ਕਿਹਾ, "ਤੁਸੀਂ ਅਬਰਾਹਾਮ ਨੂੰ ਆਪਣਾ 'ਪਿਤਾ' ਆਖਦੇ ਹੋ, ਅਤੇ ਫਿਰ ਵੀ ਕਹਿੰਦੇ ਹੋ ਕਿ ਤੁਸੀਂ ਲਿੱਖਤਾਂ ਨੂੰ ਜਾਣਦੇ ਹੋ"। ਕਿਹਾ, "ਤੁਸੀਂ ਨਾ ਤੇ ਲਿਖਤਾਂ ਨੂੰ ਅਤੇ ਨਾ ਹੀ ਪਰਮੇਸ਼ੁਰ ਦੀ ਸਮਰਥਾ ਨੂੰ ਜਾਣ ਕੇ ਗਲਤ ਕਰਦੇ ਹੋ"। ਅਤੇ ਉਹਨਾਂ ਉਸ ਨੂੰ "ਬਆਲਜਬੂਬ" ਕਿਹਾ।

211 ਪਰ ਤੂੰ ਵਾਦਾ ਕੀਤਾ ਹੈ ਕਿ ਅੰਤ ਦੇ ਦਿਨਾਂ ਵਿੱਚ ਤੂੰ ਆਪਣੀ ਆਤਮਾ ਫਿਰ ਤੋਂ ਵਹਾ ਦੇਵੇਂਗਾ। ਨਬੀ ਨੇ ਕਿਹਾ, “ਸ਼ਾਮ ਦੇ ਵੇਲੇ ਉਜਾਲਾ ਹੋਵੇਗਾ”। ਅਤੇ ਇਥੇ ਅਸੀਂ ਹਾਂ।

212 ਜੱਦ ਇਹ ਹਰਾਮਕਾਰ ਜਗਤ ਪਾਪ ਦੇ ਹੇਠਾਂ ਠੇਢੇ ਖਾ ਰਿਹਾ ਹੈ, ਜਿਵੇਂ ਇੱਕ ਸ਼ਰਾਬੀ ਆਦਮੀ ਰਾਤ ਨੂੰ ਠੇਢੇ ਖਾਂਦਾ ਹੋਇਆ ਘਰ ਨੂੰ ਜਾਂਦਾ ਹੈ, ਜਲਦ ਹੀ ਇਸ ਨੂੰ ਵਿਚਾਲੇ ਹੀ ਉੜਾ ਦਿੱਤਾ ਜਾਵੇਗਾ, ਉਸ ਜਗਾ ਤੇ ਇਸ ਦੀ ਸਵਾਹ ਵੀ ਨਹੀਂ ਬਚੇਗੀ। ਅਸੀਂ ਸਮੇਂ ਨੂੰ ਟਿਕ ਟਿਕ ਕਰਦੇ ਹੋਏ ਦੂਰ ਜਾਂਦੇ ਵੇਖ ਰਹੇ ਹਾਂ।

213 ਹੇ ਪਰਮੇਸ਼ੁਰ, ਹਰੇਕ ਸ਼ੱਕ ਨੂੰ ਸਾਡੇ ਤੋਂ ਦੂਰ ਕਰ। ਹੁਣੇ ਹੀ ਸਾਨੂੰ ਉਸ ਚੱਕਰ ਵਿੱਚ ਲੈ ਚਲ। ਪਵਿੱਤਰ ਆਤਮਾ, ਆ। ਆਪਣੇ ਮਹਾਨ ਖੰਭਾ ਨੂੰ ਬਾਹਰ ਕਢ, ਇਹਨਾਂ ਥੋੜੇ ਜਿਹੇ ਸਰੋਤਿਆਂ ਨੂੰ ਉਹਨਾਂ ਹੇਠ ਢੱਕ ਲੈ, ਅਤੇ ਆਪਣੇ ਆਪ ਨੂੰ ਉਹਨਾਂ ਦੇ ਦਿਲਾਂ ਵਿੱਚ ਉਤਰਣ ਦੇ, ਅਤੇ ਉਹ ਜਾਣ ਲੈਣ ਕਿ ਤੂੰ ਈਸ਼ਵਰੀ ਹਜੂਰੀ ਵਿੱਚ ਹੈਂ, ਇਹ ਕਿ ਇਹ ਤੂੰ ਹੈਂ, “ਮੈਂ ਤੇਰਾ ਪਰਮੇਸ਼ੁਰ ਤੈਨੂੰ ਸਾਰੇ ਰੋਗਾਂ ਤੋਂ ਚੰਗਾ ਕਰਦਾ ਹਾਂ”। ਅਤੇ ਕਾਸ਼ ਤੇਰੀ ਹਜੂਰੀ ਉਹਨਾਂ ਦੇ ਦਿਲਾਂ ਨੂੰ ਕੁਝ ਕਰੇ ਜਿਸ ਨਾਲ ਜੱਦ ਉਹ ਇਸ ਸਵੇਰ ਇਸ ਜਗਾ ਤੋਂ ਜਾਣ ਤਾਂ ਉਹ ਉਸ ਸਭ ਕੁਝ ਨਾਲ ਵਿਸ਼ਵਾਸ ਕਰਦੇ ਹੋਏ ਜਾਣ ਜੋ ਕੁਝ ਵੀ ਉਹਨਾਂ ਦੇ ਅੰਦਰ ਹੈ। ਅਤੇ ਹਰੇਕ ਬੀਮਾਰ ਅਤੇ ਦੁਖੀ ਵਿਅਕਤੀ ਚੰਗਾ ਹੋ ਜਾਵੇ।

214 ਕਿਉਂਕਿ, ਤੇਰਾ ਸੇਵਕ ਹੋਣ ਦੇ ਨਾਤੇ, ਮੈਂ ਖੜਾ ਹੁੰਦਾ ਹਾਂ ਅਤੇ ਹਰੇਕ ਦੁਸਟ ਆਤਮਾ ਨੂੰ, ਹਰੇਕ ਬਿਮਾਰੀ, ਹਰੇਕ ਸ਼ਤਾਨ ਨੂੰ ਡਾਂਟਦਾ ਹਾਂ।

215 ਤੂੰ ਨਾਸ਼ ਹੋ ਚੁਕਾ ਹੈਂ, ਅਤੇ ਤੂੰ ਇੱਕ ਛੱਲਾਵੇ ਤੋਂ ਅਲਾਵਾ ਹੋਰ ਕੁਝ ਵੀ ਨਹੀਂ ਹੈਂ।ਅਤੇ ਅਸੀਂ ਤੈਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਾਹਰ ਬੁਲਾਉਂਦੇ ਹਾਂ। ਅਤੇ ਉਸ ਦਾ ਸੇਵਕ ਹੋਣ ਦੇ ਨਾਤੇ, ਉਸਦੇ ਵਚਨ ਦਾ ਪ੍ਰਚਾਰ ਕਰਦੇ ਹੋਏ ਅਤੇ ਲੋਕਾਂ ਨੂੰ ਸੱਚਾਈ ਦੱਸਦੇ ਹੋਏ, ਤਾਂ ਜੋ ਉਹ ਸਹੀ ਹੋ ਜਾਣ ਅਤੇ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਚਲਣ, ਮੈਂ ਤੈਨੂੰ ਡਾਂਟਦਾ ਹਾਂ, ਸ਼ਤਾਨ, ਯਿਸੂ ਮਸੀਹ ਦੇ ਨਾਮ ਵਿੱਚ। ਇਹਨਾਂ ਲੋਕਾਂ ਵਿਚੋਂ ਹਰੇਕ ਤੋਂ ਦੂਰ ਚਲਿਆ ਜਾ ਜਿਹੜੇ ਦੂਰ ਅਤੇ ਨੇੜੇ ਤੋਂ ਚੰਗਾਈ ਦੇ ਲਈ ਆਏ ਹਨ। ਤੂੰ ਇਹਨਾਂ ਸਰੋਤਿਆਂ ਅਤੇ ਇਹਨਾਂ ਲੋਕਾਂ ਤੋਂ ਦੂਰ ਚਲਿਆ ਜਾ। ਮੈਂ ਤੈਨੂੰ ਜਿਉਂਦੇ ਪਰਮੇਸ਼ੁਰ ਦੀ ਸੌਂਹ ਦੇਂਦਾ ਹਾਂ। ਅਤੇ ਬਾਈਬਲ ਆਖਦੀ ਹੈ, “ਧਰਮੀ ਪੁਰਖ ਦੀ ਪ੍ਰਾਰਥਨਾ ਨਾਲ ਬਹੁਤ ਅਸਰ ਹੁੰਦਾ ਹੈ”। ਅਤੇ ਅੱਜ ਸਵੇਰ ਇਸ ਜਗਾ ਤੇ, ਬਹੁਤ ਸਾਰੇ ਧਰਮੀ ਪੁਰਖਾਂ ਨੇ ਆਪਣੇ ਹੱਥਾਂ ਨੂੰ ਬਿਮਾਰਾਂ ਉੱਤੇ ਰਖਿਆ ਹੋਇਆ ਹੈ। ਔਹ, ਸ਼ਤਾਨ, ਤੂੰ ਚਾਹੁੰਦਾ ਹੈਂ ਕਿ ਉਹ ਇਹ ਸੋਚਣ ਕਿ ਇਹ ਮੈਂ ਸੀ, ਅਤੇ

ਫਿਰ ਤੋਂ ਉਹਨਾਂ ਤੋਂ ਮਹਿਮਾ ਨੂੰ ਲੈ ਲਵੇਂਗਾ । ਪਰ ਇਹ ਉਹਨਾਂ ਦਾ ਪਰਮੇਸ਼ੁਰ ਵਿੱਚ ਵਿਸ਼ਵਾਸ ਹੈ, ਉਹ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਹਨ! ਅਤੇ ਉਹਨਾਂ ਦੇ ਵਿਸ਼ਵਾਸ ਦੁਆਰਾ, ਤੈਨੂੰ ਹੱਟਣਾ ਪਵੇਗਾ । ਇਸ ਲਈ ਇਸ ਜਗਾ ਤੋਂ ਆਪਣੀ ਯਾਤਰਾ ਸ਼ੁਰੂ ਕਰ, ਅਤੇ ਬਾਹਰ ਉਸੇ ਅੰਧਕਾਰ ਵਿੱਚ ਚਲਿਆ ਜਾਹ, ਜਿਥੋਂ ਦਾ ਤੂੰ ਹੈਂ । ਮੈਂ ਯਿਸੂ ਮਸੀਹ ਦੇ ਨਾਮ ਵਿੱਚ ਤੈਨੂੰ ਡਾਂਟਦਾ ਹਾਂ, ਪਰਮੇਸ਼ੁਰ ਦੀ ਬਾਈਬਲ ਦੇ ਅਧਿਕਾਰ ਦੁਆਰਾ, ਉਸ ਆਦੇਸ਼ ਦੁਆਰਾ ਜਿਹੜਾ ਦੂਤ ਨੇ ਮੈਨੂੰ ਦਿੱਤਾ ਸੀ । ਹੁਣ ਯਿਸੂ ਮਸੀਹ ਦੇ ਨਾਮ ਵਿੱਚ ਚਲਿਆ ਜਾਹ, ਅਤੇ ਉਹਨਾਂ ਨੂੰ ਅਜਾਦ ਹੋਣ ਦੇ । ਆਮੀਨ ।

216 ਕੀ ਤੁਸੀਂ ਆਪਣੇ ਪੂਰੇ ਦਿਲ ਤੋਂ ਵਿਸ਼ਵਾਸ ਕਰਦੇ ਹੋ, ਕਿ ਤੁਸੀਂ ਚੰਗੇ ਹੋ ਚੁੱਕੇ ਹੋ? ਆਪਣੇ ਹੱਥ ਨੂੰ ਉੱਪਰ ਚੁੱਕੋ, ਕਹੋ, “ਮੈਂ ਹੁਣ ਯਿਸੂ ਮਸੀਹ ਨੂੰ ਆਪਣਾ ਚੰਗਾ ਕਰਨ ਵਾਲਾ ਕਬੂਲ ਕਰਦਾ ਹਾਂ । ਹੁਣ ਮੇਰੇ ਕੋਲੋਂ ਸਾਰੇ ਪਰਛਾਂਵੇ ਦੂਰ ਹੋ ਗਏ ਹਨ ।ਹੁਣ ਮੈਂ ਉਸ ਨੂੰ ਉਸਦੀ ਸ਼ਕਤੀ ਦੀ ਭਰਪੂਰੀ ਵਿੱਚ ਸਵੀਕਾਰ ਕਰਦਾ ਹਾਂ, ਉਸ ਦੀ ਹਜੂਰੀ ਦੀ ਆਸ਼ੀਸ ਵਿੱਚ । ਮੈਂ ਉਸ ਨੂੰ ਸਵੀਕਾਰ ਕਰਦਾ ਹਾਂ” ।

ਮੇਰਾ ਵਿਸ਼ਵਾਸ ਤੇਰੇ ਵਲ ਵੇਖਦਾ ਹੈ,
ਕਲਵਰੀ ਦੇ ਲੇਲੇ,
ਨਿਰੰਕਾਰ ਮੁਕਤੀਦਾਤਾ,
ਹੁਣ ਮੈਂ ਜਦ ਪ੍ਰਾਰਥਨਾ ਕਰਦਾ ਹਾਂ ਤਾਂ ਮੇਰੀ ਸੁਣ ਲੈ,
ਮੇਰੇ ਸਾਰੇ ਅਪਰਾਧ ਦੂਰ ਲੈ ਜਾ,
ਮੈਨੂੰ ਆਪਣੇ ਕੋਲੋਂ ਕਦੇ ਭਟਕਣ ਨਾ ਦੇ ।

ਹੁਣ ਆਓ ਆਪਣੇ ਹਥਾਂ ਨੂੰ ਅਸਲ ਮਧੁਰਤਾ ਨਾਲ ਉਸ ਵਲ ਉੱਪਰ ਚੁੱਕਦੇ ਹਾਂ ।

ਜਦਕਿ ਜੀਵਨ ਇੱਕ ਹਨੇਰੀ ਪਹੇਲੀ ਹੈ ਤੇ ਮੈਂ ਤੁਰਦਾ
ਜਾਂਦਾ ਹਾਂ,
ਅਤੇ ਮੇਰੇ ਆਲੇ ਦੁਆਲੇ ਦੁਖ ਵਧਦਾ ਜਾਂਦਾ ਹੈ,
ਤੂੰ ਮੇਰਾ ਮਾਰਗਦਰਸ਼ਕ ਬਣ (ਹੇ ਪਰਮੇਸ਼ੁਰ);
ਹਨੇਰੇ ਨੂੰ ਆਖ ਕਿ ਉਹ ਦਿਨ ਬਣ ਜਾਵੇ,
ਗਮ ਅਤੇ ਡਰ ਨੂੰ ਮਿਟਾ ਦੇ,
ਮੈਨੂੰ ਕਦੇ ਵੀ ਭਟਕਣ ਨਾ ਦੇ,
ਆਪਣੇ ਕੋਲੋਂ ।

[ਭਾਈ ਬ੍ਰਾਨਹਾਮ ਮੇਰਾ ਵਿਸ਼ਵਾਸ ਤੇਰੇ ਵਲ ਵੇਖਦਾ ਹੈ ਗੁਣਗੁਨਾਉਣਾ ਸ਼ੁਰੂ ਕਰਦੇ ਹਨ—ਸੰਪਾਦਕ]...ਭਰਪੂਰ ਕਿਰਪਾ!

*ਭੀੜਾ ਹੈ ਉਹ ਫਾਟਕ* PUN59-0301M

(Strait Is The Gate)

**ਕਲੀਸਿਯਾ ਲੜੀ**

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸਵੇਰ, 1 ਮਾਰਚ, 1959 ਨੂੰ ਜੈਫ਼ਰਸਨਵਿਲੇ ਵਿੱਚ ਬ੍ਰਾਨਹਾਮ ਟੇਬਰਨਕਲ, ਇੰਡੀਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org